


Nisan of Guru Gobind Singh Ji. Reproduced from
Dr. Mohinder Singh's *Guru Granth Sahib : The Guru Eternal*.

ਗੁਰੂ ਗੋਬਿੰਦ ਸਿੰਘ ਜੀ ਦਾ ਨੀਸਾਨ, ਡਾ. ਮਹਿੰਦਰ ਸਿੰਘ ਦੀ
ਪੁਸਤਕ ਗੁਰੂ ਗ੍ਰੰਥ ਸਾਹਿਬ: ਦ ਗੁਰੂ ਇਟਰਨਲ ਵਿੱਚੋਂ।



# ਜਾਪੁ ਸਾਹਿਬ
## ਸਟੀਕ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001


www.sikhbookclub.com

Jaap Sahib Steek

*Bhai Sahib Bhai Vir Singh*

ISBN : 978-93-80854-55-7
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਿਛਲੀ ਛਾਪ, 2007
ਨਵੀਂ ਐਡੀਸ਼ਨ ਜੂਨ, 2011

*ਪ੍ਰਕਾਸ਼ਕ* ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

*Printer* Printograph
2966/41, Beadon Pura
Karol Bagh, New Delhi-110 005

ਮੁੱਲ : 175/- ਰੁਪਏ


www.sikhbookclub.com

# ਜਾਪੁ

## ਸ੍ਰੀ ਮੁਖਵਾਕ ਪਾਤਿਸਾਹੀ॥੧੦॥

ਬਾਣੀ ਦਾ ਨਾਮ ਹੈ, ਆਮ ਬੋਲ ਚਾਲ ਵਿਚ 'ਜਾਪੁ ਜੀ' ਹੈ।
ਜਿਸ ਵਿਚ ਵਾਹਿਗੁਰੂ ਸਿਮਰਣ ਲਈ ਨਾਮ ਤੇ ਮਹਿਮਾ ਹੈਨ।

ਉਚਾਰਿਆ ਹੋਇਆ ਗੁਰੂ ਗੋਬਿੰਦ ਸਿੰਘ ਜੀ ਦਾ।


www.sikhbookclub.com

ਛਪੈ ਛੰਦ ਤ੍ਵ ਪ੍ਰਸਾਦਿ॥

ਚੱਕ੍ਰ ਚਿਹਨ[1] ਅਰੁ ਬਰਨ ਜਾਤਿ
ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤਿ ਕਿਹ॥

ਨਾਮ ਹੈ ਛੰਦ ਦਾ। ਤੇਰੀ (ਈਸ਼੍ਵਰ ਦੀ) ਕ੍ਰਿਪਾ ਨਾਲ।

ਫਿਰਨਾ, ਨਿਸ਼ਾਨੀ ਅਤੇ ਰੰਗ ਜਾਤ ਅਤੇ ਫਿਰਕਾ ਨਹੀਂ ਹੈ ਜਿਸਦਾ।
ਸ਼ਕਲ ਰੰਗ ਅਤੇ ਲਕੀਰ ਲਿਬਾਸ ਕੋਈ ਆਖ ਨਹੀਂ ਸਕਦਾ (ਕਿ) ਕਿਹੋ ਜਿਹਾ ਹੈ।

੧. ਚਿਹਨ ਚੱਕ੍ਰ ਦਾ ਭਾਵ ਭੇਖ ਨਿਸ਼ਾਨੀ ਜਾਂ ਲੱਛਣਾਂ ਤੋਂ ਬੀ ਹੁੰਦਾ ਹੈ।

 www.sikhbookclub.com

**ਅਚਲ ਮੂਰਤਿ ਅਨਭਉ ਪ੍ਰਕਾਸ**
**ਅਮਿਤੋਜਿ ਕਹਿੱਜੈ॥**

**ਕੋਟਿ ਇੰਦ੍ਰ[1] ਇੰਦ੍ਰਾਣ**
**ਸਾਹੁ ਸਾਹਾਣਿ ਗਣਿੱਜੈ॥**

ਨਹੀਂ ਚਲਾਇਮਾਨ ਸਰੂਪ (ਜਿਸਦਾ) ਆਪ ਤੋਂ ਹੋਣ ਵਾਲਾ ਹੈ।
ਨੂਰ (ਜਿਸਦਾ ਤੇ) ਗਿਣਤੀਓਂ ਬਾਹਰ ਬਲ ਕਿਹਾ ਜਾਂਦਾ ਹੈ (ਜਿਸਦਾ)।

ਕ੍ਰੋੜਾਂ ਇੰਦ੍ਰਾਂ ਦਾ ਇੰਦ੍ਰ (ਤੇ)
ਪਾਤਸ਼ਾਹਾਂ (ਦਾ) ਪਾਤਸ਼ਾਹ ਗਿਣਿਆਂ ਜਾਂਦਾ ਹੈ।

੧. ਪ੍ਰਤਾਪ ਵਾਲਾ।


www.sikhbookclub.com

ਤ੍ਰਿਭਵਣ[1] ਮਹੀਪ[2] ਸੁਰ ਨਰ ਅਸੁਰ
ਨੇਤਿ ਨੇਤਿ ਬਨ ਤ੍ਰਿਣ ਕਹਤ[3]॥

ਤਵ ਸਰਬ ਨਾਮ ਕਥੈ ਕਵਨ
ਕਰਮ ਨਾਮ ਬਰਨਤ ਸੁਮਤਿ॥੧॥

ਤਿੰਨਾ ਲੋਕਾਂ (ਦਾ) ਰਾਜਾ ਹੈ, (ਜਿਸਨੂੰ) ਦੇਵਤੇ ਮਨੁੱਖ ਰਾਖਸ਼ ਤੇ ਬ੍ਰਿੱਛ (ਬੂਟੇ)
ਘਾਹ (ਆਦਿ) 'ਨਹੀਂ ਹੈ ਏਹ', 'ਨਹੀਂ ਹੈ ਏਹ' ਆਖਦੇ ਹਨ।

ਤੇਰੇ ਸਾਰੇ ਨਾਵਾਂ (ਦਾ ਵੇਰਵਾ) ਆਖੇ ਕੌਣ।
ਕੰਮ (ਤੋਂ ਜੋ) ਨਾਉਂ ਬਣੇ (ਹਨ) ਵਰਣਨ (ਕਰਦੇ ਹਨ) ਬੁਧੀਮਾਨ।੧।

੧. ਅਕਾਸ, ਪ੍ਰਿੱਥਵੀ, ਪਾਤਾਲ। ੨. ਪ੍ਰਿੱਥਵੀ ਦਾ ਪਾਲਕ।
੩. ਭਾਵ-ਦੇਵਤੇ ਤੋਂ ਘਾਸ ਤੀਕ ਸਭ ਆਖਦੇ ਹਨ ਕਿ ਪਰਮੇਸ਼ੁਰ ਬੇਅੰਤ ਹੈ।


www.sikhbookclub.com

## ਭੁਜੰਗ ਪ੍ਰਯਾਤ ਛੰਦ

**ਨਮਸੰਤ੍ਵ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥**
**ਨਮਸਤੰ ਅਰੂਪੇ॥ ਨਮਸਤੰ ਅਨੂਪੇ॥੨॥**

**ਨਮਸਤੰ ਅਭੇਖੇ॥ ਨਮਸਤੰ ਅਲੇਖੇ॥**
**ਨਮਸਤੰ ਅਕਾਏ॥ ਨਮਸਤੰ ਅਜਾਏ॥੩॥**

ਨਾਮ ਛੰਦ ਦਾ

ਨਮ: ਹੈ ਤੈਨੂੰ ਹੇ ਸਮੇਂ ਤੋਂ ਰਹਿਤ। ਨਮਸਕਾਰ ਹੈ, ਤੈਨੂੰ, ਹੇ ਕ੍ਰਿਪਾਲੂ।
ਨਮ: ਹੈ ਤੈਨੂੰ, ਹੇ ਰੂਪ ਤੋਂ ਰਹਿਤ। ਨਮ: ਹੈ ਤੈਨੂੰ, ਹੇ ਉਪਮਾਂ ਤੋਂ ਪਰੇ।੨।

ਨਮ: ਹੈ ਤੈਨੂੰ, ਹੇ ਭੇਸ ਤੋਂ ਰਹਿਤ। ਨਮ: ਹੈ, ਸਮਝੋਂ ਪਰੇ ਯਾ ਹਿਸਾਬੋਂ ਪਰੇ।
ਨਮ: ਹੈ ਤੈਨੂੰ, ਹੇ ਸਰੀਰ ਤੋਂ ਰਹਿਤ। ਨਮ: ਹੈ ਤੈਨੂੰ, ਹੇ ਜਨਮ ਤੋਂ ਰਹਿਤ।੩।


www.sikhbookclub.com

ਅਮਸਤੰ ਅਰੰਜੇ॥ ਨਮਸਤੰ ਅਭੰਜੇ॥
ਨਮਸਤੰ ਅਨਾਮੇ[੧]॥ ਨਮਸਤੰ ਅਠਾਮੇ[੨]॥੪॥

ਨਮਸਤੰ ਅਕਰਮੰ॥ ਨਮਸਤੰ ਅਧਰਮੰ[੩]॥
ਨਮਸਤੰ ਅਨਾਮੰ॥ ਨਮਸਤੰ ਅਧਾਮੰ॥੫॥

ਨਮ: ਹੈ ਤੈਨੂੰ, ਹੇ ਨਾਸ਼ ਤੋਂ ਰਹਿਤ। ਨਮ: ਹੈ ਤੈਨੂੰ, ਹੇ ਟੁੱਟਣ ਤੋਂ ਰਹਿਤ।
ਨਮ: ਹੈ ਤੈਨੂੰ, ਹੇ ਨਾਮ ਤੋਂ ਰਹਿਤ। ਨਮ: ਹੈ ਤੈਨੂੰ, ਹੇ ਥਾਉਂ ਤੋਂ ਰਹਿਤ।੪।

ਨਮ: ਹੈ ਤੈਨੂੰ, ਹੇ ਕਰਮਾਂ ਤੋਂ ਰਹਿਤ। ਨਮ: ਹੈ ਤੈਨੂੰ, ਮਰਯਾਦਾ ਤੋਂ ਰਹਿਤ।
ਨਮ: ਹੈ ਤੈਨੂੰ, ਨਾਮ ਤੋਂ ਰਹਿਤ ਨੂੰ। ਨਮਸਕਾਰ ਹੈ ਤੈਨੂੰ ਘਰ ਤੋਂ ਰਹਿਤ ਨੂੰ।੫।

੧. ਜਿਸਦੇ ਠੀਕ ਸਰੂਪ ਤੋਂ ਵਰਣਨ ਕਰਨੇ ਵਾਲਾ ਕੋਈ ਨਾਮ ਨਹੀਂ ਹੈ।
੨. ਸਰਬ ਬਜਾਪੀ ਹੋਣ ਕਰਕੇ ਕੋਈ ਇਕ ਥਾਂ ਉਸਦੀ ਨਹੀਂ ਹੈ।
੩. ਭਲੇ ਬੁਰੇ ਤੋਂ ਅਸੰਗ। ਸਭ ਮਰਯਾਦਾ ਉਸਦੇ ਹੇਠ ਹਨ ਤੇ ਓਹ ਸਭ ਤੋਂ ਪਰੇ ਹੈ।


www.sikhbookclub.com

ਨਮਸਤੰ ਅਜੀਤੇ॥ ਅਮਸਤੰ ਅਭੀਤੇ॥
ਨਮਸਤੰ ਅਬਾਹੇ॥ ਨਮਸਤੰ ਅਢਾਹੇ[੧]॥੬॥

ਨਮਸਤੰ ਅਨੀਲੇ॥ ਨਮਸਤੰ ਅਨਾਦੇ॥
ਨਮਸਤੰ ਅਛੇਦੇ॥ ਨਮਸਤੰ ਅਗਾਧੇ[੨]॥੭॥

ਨਮ: ਤੈਨੂੰ, ਹੇ ਨਾ ਜਿੱਤੇ ਜਾਣ ਵਾਲੇ। ਨਮ: ਹੈ ਤੈਨੂੰ, ਹੇ ਨਿਰਭਉ।
ਨਮ: ਹੈ ਤੈਨੂੰ, ਹੇ ਅਚੱਲ। ਨਮ: ਹੈ ਤੈਨੂੰ, ਹੇ ਅਪਾਰ।੬।

ਨਮ: ਹੈ ਤੈਨੂੰ, ਹੇ ਬੇਰੰਗ (ਪਵਿਤ੍ਰ)। ਨਮ: ਹੈ ਤੈਨੂੰ, ਹੇ ਅਰੰਭ ਰਹਿਤ।
ਨਮ: ਹੈ ਤੈਨੂੰ, ਹੇ ਨਾ ਟੁੱਟਣ ਵਾਲੇ। ਨਮ: ਹੈ ਤੈਨੂੰ, ਹੇ ਅਪਾਰ।੭।

੧. ਨਾ ਡਿਗਣ ਵਾਲਾ ਬੀ।
੨. ਜੋ ਗਾਹਿਆ ਨਾ ਜਾਏ; ਜਾਂ, ਅਥਾਹ।


www.sikhbookclub.com

**ਨਮਸਤੰ ਅਰੀਜੇ॥ ਨਮਸਤੰ ਅਭੰਜੇ॥**
**ਨਮਸਤੰ ਉਦਾਰੇ[1]॥ ਨਮਸਤੰ ਅਪਾਰੇ[2]॥੮॥**

**ਨਮਸਤੰ ਸੁ ਏਕੈ॥ ਨਮਸਤੰ ਅਨੇਕੈ[3]॥**
**ਨਮਸਤੰ ਅਭੂਤੇ॥ ਨਮਸਤੰ ਅਜੂਪੇ[4]॥੯॥**

ਨਮ: ਹੈ ਤੈਨੂੰ, ਹੇ ਨਾਸ ਨਾ ਹੋਣ ਵਾਲੇ। ਨਮ: ਹੈ ਤੈਨੂੰ, ਹੇ ਨਾ ਭੱਜਣ ਵਾਲੇ।
ਨਮ: ਹੈ ਤੈਨੂੰ, ਹੇ ਦਾਤੇ। ਨਮ: ਹੈ ਤੈਨੂੰ, ਹੇ ਅਪਾਰ।੮।

ਨਮ: ਹੈ ਤੈਨੂੰ, ਜੋ ਠੀਕ ਇੱਕ ਹੈਂ। ਨਮ: ਹੈ ਤੈਨੂੰ,(ਤੂੰ ਜੋ) ਅਨੇਕ (ਬੀ) ਹੈਂ।
ਨਮ: ਹੈ ਤੈਨੂੰ, ਹੇ ਜਨਮ ਤੋਂ ਰਹਿਤ। ਨਮ: ਹੈ ਤੈਨੂੰ, ਹੇ ਦੁਖ ਤੋਂ ਰਹਿਤ।੯।

੧. ਓਪਰਗਤੀ ਕਰਨ ਵਾਲਾ, ਤੰਗਸੀ ਤੋਂ ਰਹਿਤ।
੨. ਬੇ ਓੜਕ। ੩. ਘਟ ਘਟ ਦਾ ਵਾਸੀ ਹੋਣ ਕਰਕੇ ਅਨੇਕ ਹੈ।
੪. ਯੁਪ=ਕਸ਼ਟ ਦੇਣਾ। ਯੁਪ=ਥੰਮੇ ਨੂੰ ਬੀ ਆਖਦੇ ਹਨ।

ਨਮਸਤੰ ਨ੍ਰਿਕਰਮੇ॥ ਨਮਸਤੰ ਨ੍ਰਿਭਰਮੇ[1]॥
ਨਮਸਤੰ ਨ੍ਰਿਦੇਸੇ॥ ਨਮਸਤੰ ਨ੍ਰਿਭੇਸੇ॥੧੦॥

ਨਮਸਤੰ ਨ੍ਰਿਨਾਮੇ॥ ਨਮਸਤੰ ਨ੍ਰਿਕਾਮੇ॥
ਨਮਸਤੰ ਨ੍ਰਿਧਾਤੇ[2]॥ ਨਮਸਤੰ ਨ੍ਰਿਘਾਤੇ॥੧੧॥

ਨਮ: ਹੈ ਤੈਨੂੰ, ਹੇ ਕਰਮਾਂ ਤੋਂ ਰਹਿਤ। ਨਮ: ਹੈ ਤੈਨੂੰ, ਹੇ ਭਰਮਾਂ ਤੋਂ ਰਹਿਤ।
ਨਮਸਕਾਰ ਹੈ ਤੈਨੂੰ, ਹੇ ਦੇਸ਼ ਤੋਂ ਰਹਿਤ। ਨਮ: ਹੈ ਤੈਨੂੰ, ਹੇ ਸਰੂਪ ਤੋਂ ਰਹਿਤ।੧੦।

ਨਮ: ਹੈ ਤੈਨੂੰ, ਨਹੀਂ ਹੈ ਨਾਮ ਜਿਸਦਾ। ਨਮ: ਹੈ ਤੈਨੂੰ, ਨਹੀਂ ਹੈ ਇੱਛਾ ਜਿਸਨੂੰ।
ਨਮ: ਹੈ ਤੈਨੂੰ, ਨਹੀਂ ਹਨ ਇੰਦ੍ਰੇ ਜਿਸਦੇ। ਨਮ: ਹੈ ਤੈਨੂੰ, ਨਹੀਂ ਹੈ ਮੌਤ ਜਿਸਨੂੰ।੧੧।

੧. ਸੰਸੇ ਵਿਚ ਨਾ ਪੈਣ ਵਾਲਾ, ਸ਼ੁੱਧ ਗਿਆਨ ਵਾਲਾ।
੨. ਤੱਤਾਂ ਤੇ ਤਨ ਮਾਤ੍ਰਾਂ ਤੋਂ ਰਹਿਤ ਜਾਂ ਅਸਤ ਤੁਚਾ ਰਕਤ ਬੀਰਜ ਆਦਿ ਧਾਤਾਂ ਤੋਂ ਰਹਿਤ।


www.sikhbookclub.com

ਨਮਸਤੰ ਨ੍ਰਿਧੂਤੇ[1]॥ ਨਮਸਤੰ ਅਭੂਤੇ॥
ਨਮਸਤੰ ਅਲੋਕੇ॥ ਨਮਸਤੰ ਅਸੋਕੇ॥੧੨॥

ਨਮਸਤੰ ਨ੍ਰਿਤਾਪੇ[2]॥ ਨਮਸਤੰ ਅਥਾਪੇ॥
ਨਮਸਤੰ ਤ੍ਰਿਮਾਨੇ॥ ਨਮਸਤੰ ਨਿਧਾਨੇ॥੧੩॥

ਨਮਸਕਾਰ ਹੈ ਤੈਨੂੰ, ਹੇ ਅਚੱਲ। ਨਮ: ਹੈ ਤੈਨੂੰ, ਹੇ ਜਨਮ ਤੋਂ ਰਹਿਤ।
ਨਮ: ਹੈ ਤੈਨੂੰ, ਹੇ ਅਣਡਿੱਠੇ। ਨਮ: ਹੈ ਤੈਨੂੰ, ਹੇ ਅਚਿੰਤ।੧੨।

ਨਮ: ਹੈ ਜਿਸਨੂੰ, ਤਪਤ ਕੋਈ ਨਹੀਂ। ਨ: ਹੈ ਤੈਨੂੰ, ਜੋ ਥਾਪਜਾ ਨਹੀਂ ਜਾਂਦਾ।
ਨਮਸਕਾਰ ਹੈ ਤੈਨੂੰ, ਹੇ ਤਿੰਨਾਂ (ਕਾਲਾਂ ਵਿੱਚ) ਮਾਨ ਯੋਗ।
ਨਮ: ਹੈ ਤੈਨੂੰ, ਹੇ ਨਿਧਾਂ ਦੇ ਘਰ।੧੩।

੧. ਧੂ=ਚਲਨਾ। ੨. ਇਕ ਰਸ।


www.sikhbookclub.com

**ਨਮਸਤੰ ਅਗਾਹੇ॥ ਨਮਸਤੰ ਅਬਾਹੇ[੧]॥**
**ਨਮਸਤੰ ਤ੍ਰਿਬਰਗੇ[੨]॥ ਨਮਸਤੰ ਅਸਰਗੇ[੩]॥੧੪॥**

**ਨਮਸਤੰ ਪ੍ਰਭੋਗੇ॥ ਨਮਸਤੰ ਸੁਜੋਗੇ[੪]॥**
**ਨਮਸਤੰ ਅਰੰਗੇ॥ ਨਮਸਤੰ ਅਭੰਗੇ॥੧੫॥**

ਨਮ: ਹੈ ਤੈਨੂੰ, ਹੇ ਅਪਾਰ। ਨਮਸਕਾਰ ਹੈ ਤੈਨੂੰ, ਹੇ ਅਚੱਲ।
ਨਮ: ਹੈ ਤੈਨੂੰ, ਹੇ ਤਿੰਨਾਂ ਗੁਣਾਂ ਦੇ ਧਾਰਕ ਨਮ: ਹੈ ਤੈਨੂੰ, ਹੇ ਨਾ ਸਿਰਜੇ ਹੋਏ।੧੪।

ਨਮ: ਹੈ ਤੈਨੂੰ ਹੇ ਪਰਮ ਅਨੰਦ ਵਾਲੇ। ਨਮ: ਹੈ ਹੇ ਭਲੇ ਸੰਜੋਗ।
ਨਮ: ਹੈ ਤੈਨੂੰ ਹੇ ਬੇਰੰਗ (ਸ਼ੁਧ)। ਨਮ: ਹੈ ਤੈਨੂੰ ਹੇ ਨਾ ਟੁੱਟਣ ਵਾਲੇ।੧੫।

੧. ਵਾਹ=ਚਲਨਾ, ਵਹਨਾ। ੨. ਰਜ ਸਤ ਤਮ। ੩. ਅਜਨਮਾ।
੪. ਨਿਰਗੁਣ ਸਰੂਪ ਦਾ ਮਿਲਨਾ ਗੁਣ ਨਾਲ, ਆਦਿ ਕਾਰਣ।


www.sikhbookclub.com

ਨਮਸਤੰ ਅਰੀਮੇ[1]॥ ਨਮਸਤਸਤੁ ਰੰਮੇ॥
ਨਮਸਤੰ ਜਲਾਸਰੇ[2]॥ ਨਮਸਤੰ ਨਿਰਾਸਰੇ॥੧੬॥

ਨਮਸਤੰ ਅਜਾਤੇ॥ ਨਮਸਤੰ ਅਪਾਤੇ[3]॥
ਨਮਸਤੰ ਅਮਜਬੇ[4]॥ ਨਮਸਤਸਤੁ ਅਜਬੇ॥੧੭॥

ਨਮ: ਹੈ ਤੈਨੂੰ ਹੇ ਰੰਮਤਾ ਤੋਂ ਪਰੇ। ਨਮ: ਹੋਵੇ ਤੈਨੂੰ ਆਨੰਦ ਸਰੂਪ ਨੂੰ।
ਨਮ: ਹੈ ਤੈਨੂੰ ਹੇ ਸ੍ਰਿਸ਼ਟੀ ਦੇ ਆਸਰਾ। ਨਮਾਂ ਹੈ ਤੈਨੂੰ ਹੇ ਆਸਰੇ ਤੋਂ ਰਹਿਤ।੧੬।

ਨਮ: ਹੈ ਤੈਨੂੰ ਹੇ ਜਨਮ ਤੋਂ ਰਹਿਤ। ਨਮ: ਹੈ ਤੈਨੂੰ ਹੇ ਅਡਿਗ।
ਨਮ: ਹੈ ਤੈਨੂੰ ਹੇ ਮਤਾਂ ਤੋਂ ਰਹਿਤ। ਨਮ: ਹੋਵੇ ਹੇ ਅਚਰਜ (ਰੂਪ)।੧੭।

੧. ਜਿਸ ਤੀਕ ਸਮਝ ਤੇ ਪਹੁੰਚ ਨਾ ਹੋਵੇ। ੨. ਜਲ ਤੋਂ ਭਾਵ ਜੀਵ ਹੈ ਯਥਾ 'ਪਹਿਲਾ ਪਾਣੀ ਜੀਉ ਹੈ' ਜਲ ਨੂੰ ਆਸਰਾ ਦਿੰਦਾ ਹੈ, ਤੇ ਜਲ ਸ੍ਰਿਸ਼ਟੀ ਨੂੰ ਆਸਰਾ ਦਿੰਦਾ ਹੈ।
੩. ਜੋ ਡਿੱਗੇ ਨਹੀਂ। ੪. ਅਰਬੀ ਵਿਚ ਰਸਤੇ ਨੂੰ ਤੇ ਮਤ ਨੂੰ ਆਖਦੇ ਹਨ।


www.sikhbookclub.com

ਅਦੇਸੰ ਅਦੇਸੇ[1]॥ ਨਮਸਤੰ ਅਭੇਸੇ॥
ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ[2]॥੧੮॥

ਨਮੋ ਸਰਬ ਕਾਲੇ[3]॥ ਨਮੋ ਸਰਬ ਦਿਆਲੇ॥
ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥੧੯॥

ਨਮ: ਹੋਵੇ ਦੇਸ ਤੋਂ ਰਹਿਤ ਨੂੰ। ਨਮ: ਹੈ ਤੈਨੂੰ ਹੇ ਵੇਸ ਤੋਂ ਰਹਿਤ।
ਨਮ: ਹੈ ਤੈਨੂੰ ਘਰਾਂ ਤੋਂ ਰਹਿਤ। ਨਮ: ਹੈ ਤੈਨੂੰ ਵਿਰੋਧਤਾ ਰਹਿਤ ਨੂੰ।੧੮।

ਨਮਸਕਾਰ ਹੈ ਜੋ ਸਾਰੇ ਸਮਿਆਂ ਵਿਚ (ਸੱਤਜ) ਹੈ।
ਨਮਸਕਾਰ ਹੈ ਸਾਰੀ (ਸ੍ਰਿਸ਼ਟੀ) ਪੁਰ ਦਿਆਲੂ ਨੂੰ।
ਨਮ: ਹੋਵੇ ਹੇ ਸਾਰੇ ਰੂਪਾਂ ਵਾਲੇ। ਨਮ: ਹੋਵੇ ਹੇ ਸਭ ਦੇ ਰਾਜੇ।੧੯।

੧. ਯਾ, ਅਦੇਸ ਹੈ ਅਦੇਸ ਹੈ।
੨. ਮਾਯਾ ਰਹਿਤ। ੩. ਭੂਤ ਭਵਿੱਖਤ ਵਰਤਮਾਨ ਵਿਚ ਭਾਵ ਜੋ ਸਦਾ ਹੋਵੇ।


www.sikhbookclub.com

ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ[1]॥
ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥੨੦॥

ਨਮਸਤਸਤੁ ਦੇਵੈ[2]॥ ਨਮਸਤੰ ਅਭੇਵੈ॥
ਨਮਸਤੰ ਅਜਨਮੇ॥ ਨਮਸਤੰ ਸੁਬਨਮੇ[3]॥੨੧॥

ਨਮ: ਹੋਵੇ ਸਭਨੂੰ ਲੈ ਕਰਨ ਵਾਲੇ। ਨਮ: ਹੋਵੇ ਸਭਨੂੰ ਥਾਪਲ ਵਾਲੇ।
ਨਮ: ਹੋਵੇ ਸਭਨੂੰ ਸੰਘਾਰ ਕਰਨ ਵਾਲੇ। ਨਮ: ਹੋਵੇ ਸਭ ਨੂੰ ਪਾਲਨ ਵਾਲੇ।੨੦।

ਨਮ: ਹੋਵੇ ਹੇ ਪ੍ਰਕਾਸ਼ ਮਾਨ। ਨਮ: ਹੋਵੇ ਭੇਦ ਨ ਪਾਯਾ ਜਾਏ ਜਿਸਦਾ।
ਨਮ: ਹੈ ਤੈਨੂੰ ਹੇ ਜਨਮ ਤੋਂ ਰਹਿਤ। ਨਮ: ਹੈ ਤੈਨੂੰ ਹੇ ਪੂਜਨ ਯੋਗ।੨੧।

੧. ਕੈਮ ਕਰਨੇ ਵਾਲਾ। ੨. ਦਿਵ, ਪ੍ਰਕਾਸ਼।
੩. ਅਥਵਾ ਜਲ ਆਦਿ ਵਿਚ ਪੂਰਨ, ਬਨ ਨਾਮ ਜਲ ਦਾ ਹੈ।


www.sikhbookclub.com

ਨਮੋ ਸਰਬ ਗਉਨੇ॥ ਨਮੋ ਸਰਬ ਭਉਨੇ॥
ਨਮੋ ਸਰਬ ਰੰਗੇ[1]॥ ਨਮੋ ਸਰਬ ਭੰਗੇ॥੨੨॥

ਨਮੋ ਕਾਲ ਕਾਲੇ[2]॥ ਨਮਸਤਸਤੁ ਦਿਆਲੇ॥
ਨਮਸਤੰ ਅਬਰਨੇ॥ ਨਮਸਤੰ ਅਮਰਨੇ॥੨੩॥

ਨਮ: ਹੋਵੇ ਹੇ ਸਭਥਾਂ ਪਹੁੰਚ ਵਾਲੇ। ਨਮ: ਹੋਵੇ ਹੇ ਸਰਬ ਥਾਂ ਵਰਤਮਾਨ।
ਨਮ: ਹੋਵੇ ਹੇ ਸਾਰੇ ਰੰਗਾਂ ਵਾਲੇ। ਨਮ: ਸਭਦੇ ਭੰਨਣ (ਲੈ) ਕਰਨ ਵਾਲੇ।੨੨।

ਨਮ: ਹੋਵੇ, ਕਾਲ ਦੇ ਬੀ ਕਾਲ ਨੂੰ। ਨਮਸਕਾਰ ਹੋਵੇ, ਦਿਆਲੂ ਨੂੰ।
ਨਮਸਕਾਰ ਹੈ, ਰੰਗ ਤੋਂ ਰਹਿਤ। ਨਮ: ਹੈ, ਹੇ ਮੌਤ ਤੋਂ ਰਹਿਤ।੨੩।

੧. ਪਰਮੇਸ਼ਰ ਦਾ ਕੋਈ ਰੰਗ ਨਹੀਂ ਅਰ ਸਾਰੇ ਹੀ ਰੰਗ ਉਸਦੇ ਹਨ।
੨. ਮਹਾਂਕਾਲ, ਕਾਲ ਹੀ ਸ੍ਰਿਸ਼ਟੀ ਦਾ ਕਾਰਣ ਹੈ ਤਾਂ ਤੇ ਸਰਬ ਕਾਰਣ।


www.sikhbookclub.com

ਨਮਸਤੰ ਜਰਾਰੰ॥ ਨਮਸਤੰ ਕ੍ਰਿਤਾਰੰ॥
ਨਮੋ ਸਰਬ ਧੰਧੇ॥ ਨਮੋ ਸਤ ਅਬੰਧੇ॥੨੪॥

ਨਮਸਤੰ ਨ੍ਰਿਸਾਕੇ॥ ਨਮਸਤੰ ਨ੍ਰਿਬਾਕੇ[1]॥
ਨਮਸਤੰ ਰਹੀਮੇ॥ ਨਮਸਤੰ ਕਰੀਮੇ॥੨੫॥

ਨਮ: ਹੋਵੇ,ਬਲੀ ਯਾ ਬੁਢਾਪੇ ਰਹਿਤ ਨੂੰ। ਨਮ: ਹੋਵੇ, ਤੈਨੂੰ ਹੇ ਰਚਨ ਵਾਲੇ!
ਨਮ: ਹੈ, ਸਭ ਧੰਧੇਯਾ ਉੱਦਮ ਰੂਪ ਨੂੰ। ਨਮ: ਹੋਵੇ, ਸੱਚੇ (ਤੇ) ਬੰਧਨਾਂ ਤੋਂ ਰਹਿਤ।੨੪।

ਨਮ: ਹੈ, ਹੇ ਸਾਕਾਂ ਤੋਂ ਰਹਿਤ। ਨਮਸਕਾਰ ਹੈ, ਹੇ ਨਿਰਭਉ।
ਨਮਸਕਾਰ ਹੈ, ਹੇ ਦਿਆਲੂ। ਨਮਸਕਾਰ ਹੈ, ਹੇ ਬਖਸ਼ਿੰਦ।੨੫।

੧. 'ਬਾਕ' ਫਾਰਸੀ ਹੈ, ਅਰਥ:-ਡਰ।


www.sikhbookclub.com

ਨਮਸਤੰ ਅਨੰਤੇ॥ ਨਮਸਤੰ ਮਹੰਤੇ॥
ਨਮਸਤਸਤੁ ਰਾਗੇ॥ ਨਮਸਤੰ ਸੁਹਾਗੇ॥੨੬॥

ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥
ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥੨੭॥

ਨਮ: ਹੈ, ਹੇ ਅੰਤ ਤੋਂ ਰਹਿਤ। ਨਮ: ਹੈ, ਹੇ ਸਭ ਤੋਂ ਵਡੇ।
ਨਮਸਕਾਰ ਹੋਵੇ, ਹੇ ਪ੍ਰੇਮ ਰੂਪ। ਨਮ: ਹੈ, ਹੇ ਪ੍ਰਤਾਪਵਾਨ।੨੬।

ਨਮ: ਹੋਵੇ,ਸਭ ਨੂੰ ਲੈ ਕਰਨੇ ਵਾਲੇ ਨੂੰ। ਨਮ: ਹੋਵੇ, ਸਭ ਦੇ ਪਾਲਨ ਵਾਲੇ ਨੂੰ।
ਨਮ: ਹੋਵੇ, ਹੇ ਸਭ ਦੇ ਸਾਜਨ ਵਾਲੇ! ਨਮ: ਹੋਵੇ, ਸਭ ਨੂੰ ਸੰਘਾਰਨ ਵਾਲੇ!੨੭।


www.sikhbookclub.com

ਨਮੋ ਜੋਗ ਜੋਗੇ[1]॥ ਨਮੋ ਭੋਗ ਭੋਗੇ[2]॥
ਨਮੋ ਸਰਬ ਦਿਆਲੇ॥ ਨਮੋ ਸਰਬ ਪਾਲੇ॥੨੮॥

ਨਮ: ਹੋਵੇ, ਨਿਰੁੱਧਾਂ ਦੇ ਨਿਰੁੱਧ। ਨਮ: ਹੋਵੇ, ਹੇ ਆਨੰਦ ਦੇ ਆਨੰਦ।
ਨਮ: ਹੋਵੇ, ਸਭ ਪਰ ਦਿਆਲੂ ਨੂੰ। ਨਮ: ਹੋਵੇ, ਸਭਨੂੰ ਪਾਲਨੇ ਵਾਲੇ!੨੮।

੧. ਅਥਵਾ, ਜੋਗ ਵਿਚ ਜੋਗ ਸ਼ਕਤੀ। ੨. ਭੋਗ=ਜਿਸ ਤੋਂ ਆਨੰਦ ਪ੍ਰਾਪਤ ਹੋਵੇ।



www.sikhbookclub.com

ਚਾਚਰੀ ਛੰਦ॥ ਤ੍ਵ ਪ੍ਰਸਾਦਿ॥

ਅਰੂਪ[1] ਹੈਂ॥ ਅਨੂਪ ਹੈਂ॥
ਅਜੂ ਹੈਂ॥ ਅਭੂ[2] ਹੈਂ॥੨੯॥

ਅਲੇਖ ਹੈਂ॥ ਅਭੇਖ ਹੈਂ॥
ਅਨਾਮ[3] ਹੈਂ॥ ਅਕਾਮ ਹੈਂ॥੩੦॥

ਨਾਮ ਛੰਦ। ਤੇਰੀ ਕ੍ਰਿਪਾ
ਰੂਪ ਤੋਂ ਰਹਿਤ ਹੈਂ। ਉਪਮਾਂ ਤੋਂ ਰਹਿਤ ਹੈਂ।
ਅਚੱਲ ਹੈਂ। ਹੋਣ ਤੋਂ ਰਹਿਤ ਹੈਂ।੨੯।

ਲੇਖ ਤੋਂ ਰਹਿਤ ਹੈਂ। ਵੇਸ ਤੋਂ ਰਹਿਤ ਹੈਂ।
ਨਾਮ ਤੋਂ ਰਹਿਤ ਹੈਂ। ਇੱਛਾ ਤੋਂ ਰਹਿਤ ਹੈਂ।੩੦।

੧. ਆਦਰ ਵਾਚੀ ਹੈ। ੨. ਜੋ ਕਿਸੇ ਤੋਂ ਉਤਪਤ ਨਾ ਹੋਇਆ ਹੋਵੇ।
੩. ਐਸਾ ਨਾਮ ਜੋ ਤਦ ਰੂਪ ਦਾ ਪੂਰਣ ਗਿਆਨ ਕਰਾਵੇ।


www.sikhbookclub.com

ਅਧੇ[1] ਹੈਂ॥ ਅਭੇ ਹੈਂ॥
ਅਜੀਤ[2] ਹੈਂ॥ ਅਭੀਤ ਹੈਂ॥੩੧॥

ਤ੍ਰਿਮਾਨ ਹੈਂ॥ ਨਿਧਾਨ[3] ਹੈਂ॥
ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥

ਜਿਸਦਾ ਧਿਆਨ ਨਾ ਹੋ ਸਕੇ। ਭੇਦ ਤੋਂ ਰਹਿਤ ਹੈਂ।
ਜਿੱਤੇ ਜਾਣ ਤੋਂ ਰਹਿਤ ਹੈਂ। ਨਿਰਭਉ ਹੈਂ।੩੧।

ਤਿੰਨਾ ਕਾਲਾਂ ਵਿਚ ਵੱਡਾ ਹੈਂ। (ਸਭ ਦਾ) ਭੰਡਾਰ ਹੈਂ।
ਤਿੰਨਾ ਗੁਣਾਂ ਦਾ ਧਾਰਕ ਹੈਂ। ਸਿਰਜਿਆ ਨਹੀਂ ਜਾਂਦਾ ਹੈਂ।੩੨।

੧. ਬੁਧਿ ਜਿਸ ਨੂੰ (ਧਾਰ) ਜਾਣ ਨਾ ਸਕੇ। ੨. ਸਭ ਪੁਰ ਬਲੀ।
੩. ਸਭ ਵਸਤਾਂ ਨੂੰ ਧਾਰਨ ਵਾਲਾ।


www.sikhbookclub.com

**ਅਨੀਲ ਹੈਂ॥ ਅਨਾਦਿ ਹੈਂ॥**
**ਅਜੇ ਹੈਂ॥ ਅਜਾਦਿ ਹੈਂ॥੩੩॥**

**ਅਜਨਮ ਹੈਂ॥ ਅਬਰਨ ਹੈਂ॥**
**ਅਭੂਤ ਹੈਂ॥ ਅਭਰਨ ਹੈਂ॥੩੪॥**

ਰੰਗ ਤੋਂ ਰਹਿਤ, (ਸ਼ੁੱਧ) ਹੈਂ। ਅਰੰਭ ਤੋਂ ਰਹਿਤ ਹੈਂ।
ਜਿਤਜਾ ਨਹੀਂ ਜਾਣ ਵਾਲਾ ਹੈਂ। ਸੁਤੰਤ, ਅਥਵਾ ਨਿਰਲੇਪ ਹੈਂ।੩੩।

ਜਨਮ ਤੋਂ ਰਹਿਤ ਹੈਂ। ਰੰਗ ਤੋਂ ਰਹਿਤ ਹੈਂ।
ਉਤਪਤਿ ਤੋਂ ਰਹਿਤ ਹੈਂ। ਭੂਖਨ ਰੂਪ ਹੈਂ।੩੪।


www.sikhbookclub.com

**ਅਰੀਜ ਹੈਂ॥ ਅਭੰਜ ਹੈਂ॥**
**ਅਝੂਝ[1] ਹੈਂ॥ ਅਝੰਝ[2] ਹੈਂ॥੩੫॥**

**ਅਮੀਕ ਹੈਂ॥ ਰਫੀਕ ਹੈਂ॥**
**ਅਧੰਧ ਹੈਂ॥ ਅਬੰਧ ਹੈਂ॥੩੬॥**

ਅਬਨਾਸ਼ੀ ਹੈਂ। ਭੱਜਣ ਤੋਂ ਰਹਿਤ ਹੈਂ।
ਲੜਨ ਤੋਂ ਰਹਿਤ ਹੈਂ। ਅਟੰਕ ਹੈਂ।੩੫।

ਡੂੰਘਾ (ਅਥਾਹ) ਹੈਂ। ਮਿਤ੍ਰ (ਸਹਾਈ) ਹੈਂ।
ਜੰਜਾਲਾਂ ਤੋਂ ਰਹਿਤ ਹੈਂ। ਬੰਧਨ ਤੋਂ ਰਹਿਤ ਹੈਂ।੩੬।

੧. ਜਿਸ ਨਾਲ ਕੋਈ ਨਾ ਲੜ ਸਕੇ। ਵਾ, ਮਰਨ ਤੋਂ ਰਹਿਤ।
੨. ਝੰਝ = ਟੰਟਾ।

**ਨ੍ਰਿਬੂਝ ਹੈਂ॥ ਅਸੂਝ ਹੈਂ॥**
**ਅਕਾਲ ਹੈਂ॥ ਅਜਾਲ[੧] ਹੈਂ॥੩੭॥**

**ਅਲਾਹ[੧] ਹੈਂ॥ ਅਜਾਹ[੨] ਹੈਂ॥**
**ਅਨੰਤ ਹੈਂ॥ ਮਹੰਤ ਹੈਂ॥੩੮॥**

ਸਮਝ ਤੋਂ ਪਰੇ ਹੈਂ। ਸੂਝ ਤੋਂ ਪਰੇ ਹੈਂ।
ਸਮੇਂ ਤੋਂ ਰਹਿਤ ਹੈਂ। ਫਾਹੀ ਯਾ ਬੰਧਨਾਂ ਤੋਂ ਰਹਿਤ ਹੈਂ।੩੭।

ਪਰਮਾਤਮਾਂ (ਪੂਜਜ) ਹੈਂ। ਪ੍ਰਤਾਪਵਾਨ ਹੈਂ।
ਅੰਤ ਤੋਂ ਰਹਿਤ ਹੈਂ। ਸਭ ਤੋਂ ਵੱਡਾ ਹੈਂ।੩੮।

੧. ਜਨਮ ਮਰਨ ਆਦਿ ਬੰਧਨਾਂ ਤੋਂ।
੧. ਰੱਬ ਦਾ ਜ਼ਾਤੀ ਨਾਮ ਮੁਸ: ਵਿਚ।
੨. ਵਾ ਪਰਦਾ ਰਹਿਤ, ਜਾਹ ਅਰਬੀ ਵਿਚ ਪਰਦਾ ਹੈ।


www.sikhbookclub.com

ਅਲੀਕ[1] ਹੈਂ॥ ਨ੍ਰਿਸ੍ਰੀਕ ਹੈਂ॥
ਨਿਰਲੰਭ[2] ਹੈਂ॥ ਅਸੰਭ[3] ਹੈਂ॥੩੯॥

ਅਗੰਮ ਹੈਂ॥ ਅਜੰਮ ਹੈਂ॥
ਅਭੂਤ ਹੈਂ॥ ਅਛੂਤ[4] ਹੈਂ॥੪੦॥

ਪ੍ਰੇਮ ਰੂਪ (ਸਹਾਈ) ਹੈਂ। ਨਹੀਂ ਬ੍ਰਾਬਰ (ਕੋਈ ਤੇਰਾ) ਹੈ।
ਅਪਹੁੰਚ ਹੈਂ। (ਉਤਪਤ) ਹੋਣ ਤੋਂ ਰਹਿਤ ਹੈਂ।੩੯।

ਪਹੁੰਚ ਤੋਂ ਪਰੇ ਹੈਂ। ਜਨਮ ਤੋਂ ਰਹਿਤ ਹੈਂ।
ਤੱਤਾਂ ਤੋਂ ਰਹਿਤ ਹੈਂ। ਪਹੁੰਚ ਤੋਂ ਦੂਰ ਹੈਂ।੪੦।

੧. ਪਿਆਰ ਵਾਚੀ ਹੈ। ਜਾਂ, ਰੇਖ ਰਹਿਤ ਹੈਂ।
੨. ਲੰਭ=ਪਹੁੰਚ। ੩. ਸੁਤੇ ਪ੍ਰਕਾਸ਼ ਬੀ।
੪. ਜਿਸਨੂੰ ਕੋਈ ਛੋਹ ਨ ਸੱਕੇ।


www.sikhbookclub.com

**ਅਲੋਕ ਹੈਂ॥ ਅਸੋਕ ਹੈਂ॥**
**ਅਕਰਮ ਹੈਂ॥ ਅਭਰਮ ਹੈਂ॥੪੧॥**

**ਅਜੀਤ ਹੈਂ॥ ਅਭੀਤ ਹੈਂ॥**
**ਅਬਾਹ ਹੈਂ॥ ਅਗਾਹ ਹੈਂ॥੪੨॥**

ਅਣਡਿਠ ਹੈਂ। ਚਿੰਤਾ ਤੋਂ ਰਹਤ ਹੈਂ।
ਕਰਮਾਂ ਤੋਂ ਰਹਤ ਹੈਂ। ਸੰਸੇ ਤੋਂ ਰਹਤ ਹੈਂ।੪੧।

ਜਿੱਤਜਾ ਨਹੀਂ ਜਾਂਦਾ ਹੈਂ। ਨਿਰਭਉ ਹੈਂ।
ਅਚਲ ਹੈਂ। ਅਪਾਰ ਹੈਂ।੪੨।


www.sikhbookclub.com

**ਅਮਾਨ ਹੈਂ॥ ਨਿਧਾਨ ਹੈਂ॥**
**ਅਨੇਕ ਹੈਂ॥ ਫਿਰ ਏਕ ਹੈਂ॥੪੩॥**

ਮਿਣਤੀ ਤੋਂ ਰਹਤ ਹੈਂ। ਭੰਡਾਰ ਹੈਂ।
ਅਣਗਿਣਤ ਹੈਂ। ਪਰ ਤਦ ਬੀ ਇੱਕ ਹੈਂ।੪੩।


www.sikhbookclub.com

ਭੁਜੰਗ ਪ੍ਰਯਾਤ ਛੰਦ॥

ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥
ਨਮੋ ਦੇਵ ਦੇਵੇ[1]॥ ਅਭੇਖੀ ਅਭੇਵੇ॥੪੪॥

ਨਮੋ ਕਾਲ ਕਾਲੇ[2]॥ ਨਮੋ ਸਰਬ ਪਾਲੇ॥
ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥੪੫॥

ਨਾਮ ਹੈ ਛੰਦ ਦਾ।
ਨਮ: ਹੋਵੇ, ਹੇ ਸਰਬ ਵਿਖੇ ਮਾਨਨੀਯ। ਸਭਦੇ ਧਾ ਵਾਲੇਵਾ ਖਜ਼ਾਨੇ ਦਾਤੇ।
ਨਮ: ਹੋਵੇ, ਹੇ ਪ੍ਰਕਾਸ਼ ਦਾ ਪ੍ਰਕਾਸ਼। ਭੇਸ ਤੋਂ ਰਹਤ, ਭੇਤ ਤੋਂ ਰਹਤ।੪੪।

ਨਮਸਕਾਰ ਹੋਵੇ ਹੇ ਮਹਾਂ ਕਾਲ। ਨਮ: ਹੋਵੇ ਹੇ ਸਭ ਦੇ ਪਾਲਕ।
ਨਮ: ਹੋਵੇ, ਹੇ ਸਭ ਥਾਂ ਪ੍ਰਵੇਸ਼ ਵਾਲੇ। ਨਮ: ਹੋਵੇ, ਹੇ ਸਭ ਅਸਥਾਨ ਵਿਚ ਹੈ ਜੋ।੪੫।

੧. ਦੇਵਤਿਆਂ ਦਾ ਬੀ ਪ੍ਰਕਾਸ਼ ਦਾਤਾ।
੨. ਮਹਾਂਕਾਰਣ।


www.sikhbookclub.com

ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ[1]॥
ਨਮੋ ਭਾਨ ਭਾਨੇ[2]॥ ਨਮੋ ਮਾਨ ਮਾਨੇ॥੪੬॥

ਨਮੋ ਚੰਦ੍ਰ[3] ਚੰਦ੍ਰੇ॥ ਨਮੋ ਭਾਨ ਭਾਨੇ[4]॥
ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ[5]॥੪੭॥

ਅੰਗਾਂ ਤੋਂ ਰਹਤ, ਮਾਲਕ ਥੋਂ ਰਹਤ। ਸਾਥੀ ਤੋਂ ਰਹਿਤ ਤੇ ਭਲੀ ਪ੍ਰਕਾਰ ਮਥਨੇ ਵਾਲੇ।
ਨਮ: ਹੋਵੇ, ਹੇ ਸੂਰਜਾਂ ਦੇ ਸੂਰਜ। ਨਮ: ਹੋ, ਮਾਨੀਆਂ ਦੇ ਮਾਨ ਯੋਗ।੪੬।

ਨਮਸਕਾਰ ਹੋਵੇ, ਹੇ ਪ੍ਰਕਾਸ਼ ਮਾਨ (ਚੰਦਾਂ ਨਾਲੋਂ ਬੀ)। ਨਮ: ਹੋਵੇ, ਹੇ ਸੂਰਜ ਦੇ ਸੂਰਜ।
ਨਮ: (ਹੇ ਜੋ) ਗੀਤਾਂ (ਕਰਕੇ) ਗਾਂਵਿਆਂ ਗਿਆ।
ਵਾ, ਗੀਤਾਂ ਵਿਚ ਗੀਤ ਰੂਪ। ਨਮ: ਹੋਵੇ, ਸ਼ਕਤੀਆਂ ਦੀ ਸ਼ਕਤੀ।੪੭।

੧. ਸੰਸਾਰ ਨੂੰ ਮਥਿਆ ਹੈ ਜਿਸਨੇ। ੨. ਪ੍ਰਕਾਸ਼ ਦਾ ਪ੍ਰਕਾਸ਼।
੩. ਪ੍ਰਕਾਸ਼ ਸੀਤਲਤਾ ਤੇ ਸੁੰਦਰਤਾ। ੪. ਪ੍ਰਕਾਸ਼, ਮਹਤਤਾ ਅਰ ਤੇਜ।
੫. ਵਾਜਿਆਂ ਦਾ ਵਾਜਾ, ਵਾਂ ਤਾਨਾਂ ਦਾ ਤਾਨ।


www.sikhbookclub.com

ਨਮੋ ਨ੍ਰਿਤ ਨ੍ਰਿਤੇ[੧]॥ ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ[੨]॥ ਨਮੋ ਬਾਦ ਬਾਦੇ॥੪੮॥

ਅਨੰਗੀ ਅਨਾਮੇ॥ ਸਮਸਤੀ ਸਰੂਪੇ॥
ਪ੍ਰਭੰਗੀ ਪ੍ਰਮਾਥੇ[੩]॥ ਸਮਸਤੀ ਬਿਭੂਤੇ[੪]॥੪੯॥

ਨਮ: ਹੋਵੇ, ਹੇ ਆਨੰਦ ਦੇ ਆਨੰਦ। ਨਮ: ਹੋਵੇ, ਹੇ ਸ਼ਬਦ ਵਿਚ ਸ਼ਬਦ ਰੂਪ।
ਨਮ: ਹੋਵੇ, ਹੇ ਹੱਥਾਂ ਦੇ ਹੱਥ (ਬਲੀ)। ਨਮ: ਹੈ, ਵਾਜਿਆਂ ਵਿਚ ਧੁਨ ਰੂਪ।੪੮।

ਅੰਗਾਂ ਤੋਂ ਰਹਿਤ, ਨਾਮ ਤੋਂ ਰਹਿਤ। ਸਾਰੇ (ਹਨ ਜਿਸਦੇ) ਸਰੂਪ।
ਨਾਸ਼ ਤੇ ਮੰਥਨ ਕਰਨ ਵਾਲੇ। ਸਭ (ਦੀ) ਉਤਪਤੀ ਰੂਪ ਹੋ।੪੯।

੧. ਨਾਚ, ਪ੍ਰੀਤ ਤੇ ਆਨੰਦ। ਦ੍ਰਿਸਟਿ ਟਿਕਾਕੇ ਅਭਜਾਸ ਕਰਨਾ।
੨. ਮਹਾਂਬਲੀ ਵਾ, ਪਾਨੀ ਵਿਚ ਪਾਨੀ। ੩. ਕਾਰਣ।
੪. ਵਾ, ਮੰਥਨ ਕੀਤੇ ਜਾਣ ਤੋਂ ਪਰੇ।


www.sikhbookclub.com

**ਕਲੰਕੰ ਬਿਨਾ ਨੇ ਕਲੰਕੀ ਸਰੂਪੇ॥**
**ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ॥੫੦॥**

**ਨਮੋ ਜੋਗ[੧] ਜੋਗੇਸ੍ਵਰੰ ਪਰਮ ਸਿੱਧੇ॥**
**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ॥੫੧॥**

ਦਾਗ਼ (ਦੂਸ਼ਣ) ਤੋਂ ਰਹਿਤ, ਬਿਨਾਂ ਕਲੰਕ ਦੇ ਸਰੂਪ ਵਾਲਾ (ਹੈ)।
ਨਮ: ਹੋਵੇ, ਪ੍ਰਕਾਸ਼ ਰੂਪ ਰਾਜਿਆਂ ਦੇ ਮਾਲਕ ਨੂੰ (ਜੋ) ਪੂਰਨ ਰੂਪ ਹੈ।੫੦।

ਨਮ: ਹੋਵੇ, ਪਰਮਗਤੀ (ਰੂਪ) ਜੋਗ ਦੇ ਈਸ਼੍ਵਰਾਂ ਦਾ ਬੀ
(ਜੋ) ਪੂਰਨ ਸਿੱਧ ਹੈ ਭਾਵ ਉਨ੍ਹਾਂ ਦਾ ਵੱਡਾ।
ਨਮ: ਹੋਵੇ, ਹੇ ਰਾਜਿਆਂ ਦੇ ਰਾਜੇ ਦਾ ਬੀ ਜੋ ਪਰਮ ਵੱਡਾ ਹੈ।੫੧।

੧. ਜੋਗ=ਚਿਤ ਬ੍ਰਿਤੀ ਦੀ ਏਕਤਾ।


www.sikhbookclub.com

ਨਮੋ ਸਸਤ੍ਰ[1] ਪਾਣੇ॥[2] ਨਮੋ ਅਸਤ੍ਰ ਮਾਣੇ॥[3]
ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ[4]॥੫੨॥

ਅਭੇਖੀ ਅਭਰਮੀ[5]॥ ਅਭੋਗੀ ਅਭੁਗਤੇ॥
ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ[6]॥੫੩॥

ਨਮ: ਹੋਵੇ, ਹੇ ਸੰਘਾਰ ਕਰਤਾ। ਨਮ: ਹੋਵੇ, ਹੇ ਤੀਰ (ਗਿਆਨ) ਵਾਲੇ।
ਨਮਸਕਾਰ ਹੋਵੇ, ਹੇ ਪੂਰਨ ਤਰ੍ਹਾਂ ਨਾਲ ਜਾਣਨੇ ਵਾਲੇ। ਨਮ: ਹੈ, ਹੇ ਜਗਤ ਦੀ ਮਾਤਾ! ੫੨।

ਭੇਖ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ, ਨਾ ਭੋਗਦਾ ਹੈ ਤੇ ਨਾ ਭੋਗਿਆ ਜਾਂਦਾ ਹੈ।
ਨਮਸਕਾਰ ਹੈ ਪਰਮਗਤੀ ਰੂਪ ਜੋਗ ਦੇ ਮਾਲਕ (ਨੂੰ ਜੋ) ਪੂਰਨ ਜੋਗ ਧਾਰਨ ਵਾਲਾ (ਹੈ)। ੫੩।

੧. ਸਸ=(ਕਟਨਾ ਜਿਸਦੇ ਹਥ ਵਿਚ ਕੱਟਣ ਵਾਲੀ ਵਸਤੂ ਹੋਵੇ)। ੨. ਪਾਣੇ=ਹੱਥ (ਸਿੰਘਾਰ ਕਰਤਾ)।
੩. ਤੀਰ ਗਿਆਨ ਦਾ, ਯਥਾ:-ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
੪. ਮਾਤਾ ਤੋਂ ਭਾਵ ਮਾਨ ਦੇਣ ਵਾਲਾ ਹੈ। ਕੋਈ ਈਸ਼੍ਵਰ ਨੂੰ ਮਰਦ ਨਾ ਸਮਝੇ ਓਹ ਲਿੰਗ ਭੇਦ ਤੋਂ ਰਹਿਤ ਹੈ। ਭਗਤ ਜਨ ਪਰਮਾਤਮਾਂ ਨੂੰ ਮਾਲਕ, ਪਿਤਾ, ਮਾਤਾ ਤੇ ਪਤੀ ਕਰਕੇ ਪ੍ਰੇਮ ਕਰਦੇ ਹਨ, ਇਹ ਭਗਤਾਂ ਦੀ ਪ੍ਰੇਮ ਬਿਵਸਥਾ ਹੈ, ਪਰਮਾਤਮਾਂ ਸ਼ੁਧ ਰੂਪ ਲਿੰਗ ਭੇਦ ਤੋਂ ਰਹਿਤ ਹੈ। ੫. ਯਥਾਰਥ ਗਿਆਨਵਾਨ।
੬. ਵਾ, ਜੋਗੀਆਂ ਦੇ ਪਰਮੇਸ਼੍ਵਰ ਪੂਰਨ ਜੁੜੇ ਹੋਏ ਨੂੰ ਨਮਸਕਾਰ।


www.sikhbookclub.com

ਨਮੋ ਨਿੱਤ ਨਾਰਾਇਣੇ[1] ਕ੍ਰੂਰ ਕਰਮੇ[2]॥
ਨਮੋ ਪ੍ਰੇਤ[3] ਅਪ੍ਰੇਤ[4] ਦੇਵੇ ਸੁਧਰਮੇ[5]॥੫੪॥

ਨਮੋ ਰੋਗ ਹਰਤਾ ਨਮੋ ਰਾਗ ਰੂਪੇ॥
ਨਮੋ ਸਾਹ ਸਾਹੰ ਨਮੋ ਭੂਪ ਭੂਪੇ॥੫੫॥

ਨਮ: ਹੈ, ਸਦਾ ਰਹਿਣ ਵਾਲੇ ਨੂੰ ਜੋ ਪਾਲਕ ਤੇ ਸੰਘਾਰ ਕਰਤਾ ਹੈ।
ਨਮ: ਹੋਵੇ, ਹੋ ਗਿਆ ਹੋਯਾ, ਨਾ ਗਿਆ ਹੋਯਾ, ਪ੍ਰਕਾਸ਼, ਰੂਪ, ਸ੍ਰੇਸ਼ਟ ਧਰਮ ਰੂਪ। ੫੪।

ਨਮ: ਹੋਵੇ, ਹੇ ਦੁਖ ਦੂਰ ਕਰਨ ਵਾਲੇ! ਨਮਸ: ਹੋਵੇ, ਹੇ ਅਨੰਦ ਸਰੂਪ!
ਨ:ਹੋ: ਹੇ, ਪਾਤਸ਼ਾਹਾਂ ਦੇ ਪਾਤਸ਼ਾਹ! ਨਮ: ਹੋਵੇ, ਹੇ ਰਾਜਿਆਂ ਦੇ ਰਾਜੇ! ੫੫।

੧. ਨਾਰਾਯਣ=ਵਿਸ਼ਨੂ, ਪਾਲਣਹਾਰ। ੨. ਕ੍ਰੂਰ ਕਰਮੇ=ਦੁੱਖ ਦਾਤਾ। ਲੈ ਕਰਤਾ।
੩. ਜੜ ੪. ਚੇਤਨ ੫. ਦੇਵੇਸ਼=ਇੰਦ੍ਰ। ਸੁਧਰਮਾ=ਇੰਦ੍ਰ ਦੀ ਸਭਾ।

 www.sikhbookclub.com

ਨਮੋ ਦਾਨ ਦਾਨੇ ਨਮੋ ਮਾਨ ਮਾਨੇ[1]॥
ਨਮੋ ਰੋਗ ਰੋਗੇ[2] ਨਮਸਤੰ ਸਨਾਨੇ॥੫੬॥

ਨਮੋ ਮੰਤ੍ਰ ਮੰਤ੍ਰੰ[3]॥ ਨਮੋ ਜੰਤ੍ਰ ਜੰਤ੍ਰੰ[4]॥
ਨਮੋ ਇਸਟ[5] ਇਸਟੇ॥ ਨਮੋ ਤੰਤ੍ਰ ਤੰਤ੍ਰੰ[6]॥੫੭॥

ਨਮ: ਹੋਵੇ, ਦਾਨਾਂ ਦੇ ਦੇਣੇ ਵਾਲੇ! ਨਮ: ਹੋਵੇ, ਵੱਡਿਆਂ ਤੋਂ ਵੱਡੇ ਨੂੰ!
ਨਮ: ਹੋਵੇ, ਹੇ ਦੁੱਖਾਂ ਦੇ ਦੁੱਖ ਨੂੰ। ਨਮ: ਹੈ ਤੈਨੂੰ, ਹੇ ਸ਼ੁੱਧ ਸਰੂਪ।੫੬।

ਨਮ: ਹੈ ਤੈਨੂੰ, ਜੋ ਮੰਤ੍ਰਾਂ ਦਾ ਸਿਰ ਮੰਤ੍ਰ ਹੈ। ਨਮ: ਹੈ, ਜੋ ਜੰਤ੍ਰਾਂ ਦਾ ਸਿਰ ਜੰਤ੍ਰ ਹੈ!
ਨਮ: ਹੈ, ਪੂਜਨ ਯੋਗ ਤੇ ਪੂਜਨ ਵਾਲੇ ਨੂੰ ਨਮ: ਹੈ ਤੰਤ੍ਰਾਂ ਦੇ ਤੰਤ੍ਰ ਨੂੰ।੫੭।

੧. ਮਾਨ ਮਾਣਨ ਵਾਲੇ। ੨. ਇਹ ਲਾਡਮਈ ਸਤੁਤੀ ਹੈ ਜਿਕੁਰ ਕਬੀਰ ਜੀ ਨੇ ਗਿਆਨ ਨੂੰ ਬਲਾ ਕਿਹਾ ਹੈ, ਯਥਾ 'ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ', (ਪੰਨਾ-੧੩੭੪) ਇਸ ਵਿਚ ਪ੍ਰਾਪਤੀ ਵਿਚ ਜਗਜਾਸੂ ਨੂੰ ਜੋ ਔਖਜਾਈਆਂ ਹੁੰਦੀਆਂ ਹਨ, ਉਨ੍ਹਾਂ ਦੀ ਸੂਚਨਾ ਹੈ। ੩. ਮੰਤ੍ਰ=ਉਹ ਜਪ ਜੋ ਕਾਰਜ ਸਿੱਧੀ ਲਈ ਲੋਕ ਜਪਦੇ ਹਨ, ਸੋ ਕਾਰਜ ਸਿੱਧੀ ਬੀ ਤੂੰਹੇ ਹੈਂ। ੪. ਜੰਤ੍ਰ=ਯੰਤ੍ਰ=ਕਾਗਜ਼ ਤੇ ਲਿਖੇ ਨਕਸ਼ੇ ਯਾ ਪਦ ਕਾਰਜ ਲਈ ਬਨਾਉਂਦੇ ਹਨ।


www.sikhbookclub.com

**ਸਦਾ ਸੱਚਦਾਨੰਦ ਸਰਬੰ ਪ੍ਰਣਾਸੀ॥**
**ਅਨੂਪੇ ਅਰੂਪੇ ਸਮਸਤੁਲ ਨਿਵਾਸੀ॥੫੮॥**

**ਸਦਾ ਸਿੱਧ ਦਾ ਬੁਧ ਦਾ ਬ੍ਰਿਧ ਕਰਤਾ॥**
**ਅਧੋ ਉਰਧ ਅਰਧੰ ਅਘੰ ਓਘ ਹਰਤਾ॥੫੯॥**

ਨਿਤ ਸਤ ਚਿਤ ਆਨੰਦ ਸਭ ਦੇ ਸੰਘਾਰ (ਲੈ) ਕਰਨ ਵਾਲਾ ਹੈ।
ਉਪਮਾਂ (ਤੇ) ਰੂਪ ਤੋਂ ਰਹਿਤ, ਸਭ ਵਿਚ ਨਿਵਾਸ ਕਰਨ ਵਾਲਾ ਹੈ।੫੮।

ਸਦੀਵ ਕਾਮਨਾਂ (ਦਾ) ਦਾਤਾ, ਅਕਲ ਦਾ ਦਾਤਾ (ਅਰ) ਵਾਧਾ ਕਰਨ ਵਾਲਾ (ਹੈ)।
ਹੇਠਾਂ ਉੱਤੇ ਮੱਧ ਵਿਚ ਪਾਪਾਂ (ਦੇ) ਸਮੂਹ ਨਾਸ਼ ਕਰਨ ਵਾਲਾ ਹੈ।੫੯।

੫. ਇਸ਼ਟ ਦੇਵਤਾ ਜਿਸਦਾ ਪੂਜਨ ਧਰਕੇ ਮੰਤ੍ਰ ਪੜ੍ਹਦੇ ਹਨ। ਇਸ਼ਟ=ਪੂਜਨ ਕਰਨ ਵਾਲਾ। ਇਸ ਦਾ ਅਰਥ ਹੈ ਪਜਾਰਾ ਪਰ ੫੬ ਸਲੋਕ ਵਿਚ ਸਾਰੇ ਕਾਰਜ ਸਾਧਕ ਜਤਨਾਂ ਦਾ ਵਰਣਨ ਹੈ। ਜਗ ਆਦਿ ਸੁਭ ਕੰਮਾਂ ਨੂੰ ਬੀ ਆਖਦੇ ਹਨ।
੬. ਤੰਤ੍ਰ=ਝਾੜੇ। ਅਸਲ ਵਿਚ ਤੰਤ੍ਰ ਵਿਦਜਾ ਵਿਚ ਝਾੜੇ ਤਵੀਤ ਜਪ ਆਦਿ ਸ਼ਾਮਲ ਹਨ।


www.sikhbookclub.com

ਪਰੰ ਪਰਮ ਪਰਮੇਸ੍ਵਰੰ ਪ੍ਰੋਛ[1] ਪਾਲੰ॥
ਸਦਾ ਸਰਬਦਾ ਸਿੱਧ ਦਾਤਾ ਦਿਆਲੰ॥੬੦॥

ਅਛੇਦੀ ਅਭੇਦੀ ਅਨਾਮੰ ਅਕਾਮੰ॥
ਸਮਸਤੋ ਪਰਾਜੀ[2] ਸਮਸਤਸਤੁ ਧਾਮੰ॥੬੧॥

ਵਡਿਆਂ ਤੋਂ ਵੱਡਾ ਪਰਮੇਸ਼ੁਰ ਗੁਪਤ ਸਾਰ ਲੈਣ ਵਾਲਾ, ਪਾਲਨਾ ਕਰਨੇ ਵਾਲਾ ਹੈ।
ਸਦੀਵ ਨਿਤ ਕਾਮਨਾਂ ਪੂਰੀ ਕਰਨ ਵਾਲਾ (ਤੇ) ਦਯਾਲੂ (ਹੈ)।੬੦।

ਨਾ ਟੁੱਟਣ ਵਾਲਾ, ਨਾ ਭੱਜਣ ਵਾਲਾ, ਨਾਮ ਤੋਂ ਰਹਿਤ, ਇੱਛਾ ਤੋਂ ਰਹਿਤ।
ਸਭ ਪੁਰ ਪ੍ਰਕਾਸ਼ ਰੂਪ (ਰਾਜਾ) ਸਭ ਥਾਵਾਂ ਵਿਚ ਹੈ ਘਰ ਜਿਸਦਾ।੬੧।

੧. ਪਰੋਕਸ਼=ਗੁਪਤ, ਪਰਮ ਗਜਾਨੀ।
੨. ਉਪਰਾਜਨਾ=ਪੈਦਾ ਕਰਨਾ। ਸਮਸਤੋਪਰਾਜੀ=ਸਭ ਦਾ ਪੈਦਾ ਕਰਨੇ ਵਾਲਾ ਭਾਵ ਵਜਾਪਕ ਹੈ।

 www.sikhbookclub.com

## ਤੇਰਾ ਜੋਰੁ॥ ਚਾਚਰੀ ਛੰਦ॥

**ਜਲੇ ਹੈਂ॥ ਥਲੇ ਹੈਂ॥**
**ਅਭੀਤ[1] ਹੈਂ॥ ਅਭੇ ਹੈਂ॥੬੨॥**

**ਪ੍ਰਭੂ ਹੈਂ॥ ਅਜੂ[2] ਹੈਂ॥**
**ਅਦੇਸ[3] ਹੈਂ॥ ਅਭੇਸ ਹੈਂ॥੬੩॥**

ਤੇਰਾ ਬਲ (ਸਹਾਇਤਾ ਕਰੇ)। ਨਾਮ ਹੈ ਛੰਦ ਦਾ।
(ਹੇ ਪ੍ਰਭੂ ਤੂੰ) ਜਲ ਵਿਚ (ਵਜਾਪਕ) ਹੈਂ। ਥਲ ਵਿਚ (ਤੂੰ ਵਜਾਪਕ) ਹੈਂ।
ਡਰ ਦਾਤਾ ਨਹੀਂ ਹੈਂ। ਵਾ, ਉਹਲੇ ਨਹੀਂ। ਭੈ ਰਹਿਤ ਹੈਂ।੬੨।

ਵੱਡਾ (ਪ੍ਰਤਾਪਵਾਨ) ਹੈਂ। ਅਚੱਲ ਹੈਂ।
ਦੇਸ ਤੋਂ ਰਹਿਤ ਹੈਂ। ਭੇਖ (ਰੂਪ) ਤੋਂ ਰਹਿਤ ਹੈਂ।੬੩।

੧. ਅੰਕ ੬੯ ਤੋਂ ਅਭੀਤ ਦਾ ਅਰਥ ਡਰ ਨਾ ਦੇਣ ਵਾਲਾ ਸਹੀ ਹੁੰਦਾ ਹੈ।
੨. ਜੁ=ਹਿਲਨਾ। ੩. ਸਰਬ ਵਜਾਪੀ ਹੈ।

 www.sikhbookclub.com

## ਭੁਜੰਗ ਪ੍ਰਯਾਤ ਛੰਦ॥

**ਅਗਾਧੇ ਅਬਾਧੇ[1]॥ ਅਨੰਦੀ ਸਰੂਪੇ॥**
**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ[2]॥੬੪॥**

**ਨਮਸਤ੍ਵੰ ਨ੍ਰਿਨਾਥੇ[3]॥ ਨਮਸਤ੍ਵੰ ਪ੍ਰਮਾਥੇ॥**
**ਨਮਸਤ੍ਵੰ ਅਗੰਜੇ॥ ਨਮਸਤ੍ਵੰ ਅਭੰਜੇ॥੬੫॥**

ਨਾਮ ਹੈ ਛੰਦ ਦਾ।
ਅਪਾਰ (ਹੈ), ਨਾਸ ਤੋਂ ਰਹਿਤ ਹੈ। ਪ੍ਰਸਿੰਨ ਰੂਪ ਵਾਲਾ ਹੈ।
ਨਮ: ਹੈ ਸਭ ਵਿਖੇ ਵਡਿਆਈ ਵਾਲੇ ਨੂੰ। (ਜੋ) ਸਭ ਨੂੰ ਧਾਰਨੇ ਵਾਲਾ ਹੈ।੬੪।

ਨਮ: ਹੈ ਤੈਨੂੰ, ਹੇ ਮਾਲਕ ਤੋਂ ਰਹਿਤ। ਨਮ: ਹੈ ਤੈਨੂੰ, ਹੇ ਭਲੀ ਪ੍ਰਕਾਰ ਮੰਥਨ ਵਾਲੇ!
ਨਮ: ਹੈ ਤੈਨੂੰ, ਹੇ ਨਾਸ਼ ਤੋਂ ਰਹਿਤ। ਨਮ: ਹੈ ਤੈਨੂੰ, ਹੇ ਟੁੱਟਣ ਤੋਂ ਰਹਿਤ।੬੫।

੧. ਬਾਧ=ਹਤ, ਨਾਸ਼। ੨. ਵਾ, ਸਭ ਸ਼ੈਆਂ ਦਾ ਖ਼ਜ਼ਾਨਾ।
੩. ਜਿਸਦਾ ਮਾਲਕ ਨਾ ਹੋਵੇ। ਜੋ ਆਪ ਮਾਲਕ ਹੈ।


www.sikhbookclub.com

ਨਮਸਤ੍ਵੰ ਅਕਾਲੇ[1]॥ ਨਮਸਤ੍ਵੰ ਅਪਾਲੇ[2]॥
ਨਮੋ ਸਰਬ ਦੇਸੇ[3]॥ ਨਮੋ ਸਰਬ ਭੇਸੇ॥੬੬॥

ਨਮੋ ਰਾਜ ਰਾਜੇ[4]॥ ਨਮੋ ਸਾਜ ਸਾਜੇ॥
ਨਮੋ ਸ਼ਾਹ ਸ਼ਾਹੇ॥ ਨਮੋ ਮਾਹ ਮਾਹੇ[5]॥੬੭॥

ਨਮ: ਹੈ ਤੈਨੂੰ, ਹੇ ਸਮੇਂ ਤੋਂ ਰਹਿਤ। ਨਮ: ਹੈ ਤੈਨੂੰ, ਹੇ ਪਾਲਨਾ ਤੋਂ ਰਹਿਤ।
ਨ: ਹੋਵੇ, ਹੇ ਸਭ ਦੇਸਾਂ (ਦੇ ਵਾਲੀ)! ਨਮ: ਹੋਵੇ, ਹੇ ਸਭ ਰੂਪਾਂ ਵਾਲੇ! ੬੬।

ਨ: ਹੋਵੇ, ਹੇ ਸਭ ਰਾਜਿਆਂ ਦੇ ਰਾਜੇ! ਨ: ਹੋਵੇ, ਹੇ ਰਚਨਾਂ ਦੇ ਰਚਨਵਾਲੇ।
ਨਮ: ਹੋਵੇ, ਹੇ ਸ਼ਾਹਾਂ ਦੇ ਸਾਹ। ਨਮ: ਹੋਵੇ, ਹੇ ਚੰਦਾਂ ਦੇ ਚੰਦ। ੬੭।

੧. ਸਦਾ ਸਤ। ੨. ਜਿਸਨੂੰ ਕਿਸੇ ਨਾ ਪਾਲਿਆ ਹੋਵੇ। ਵਾ ਪਾਲ=ਹਦ ਰਹਿਤ।
੩. ਵਜਾਪਕ। ੪. ਤੇਜ ਦੇ ਤੇਜ। ੫. ਪਰਮ ਸੁੰਦਰ।


www.sikhbookclub.com

ਨਮੋ ਗੀਤ ਗੀਤੇ[1]॥ ਨਮੋ ਪ੍ਰੀਤ ਪ੍ਰੀਤੇ[2]॥
ਨਮੋ ਰੋਖ ਰੋਖੇ[3]॥ ਨਮੋ ਸੋਖ ਸੋਖੇ[4]॥੬੮॥

ਨਮੋ ਸਰਬ ਰੋਗੇ[5]॥ ਨਮੋ ਸਰਬ ਭੋਗੇ[6]॥
ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥੬੯॥

ਨਮ: ਹੈ ਤੈਨੂੰ, ਹੇ ਰਾਗਾਂ ਦੇ ਰਾਗ। ਨ: ਹੈ ਤੈਨੂੰ, ਹੇ ਪਜਾਰਾਂ ਦੇ ਪਜਾਰ।
ਨਮ: ਹੈ ਤੈਨੂੰ, ਕ੍ਰੋਧ ਦੇ ਕ੍ਰੋਧ। ਨ: ਹੈ, ਹੇ ਸੁੱਕ ਨੂੰ ਸੁਕਾਉਣ ਵਾਲੇ।੬੮।

ਨ: ਹੈ ਤੈਨੂੰ, ਹੇ ਸਭਦੇ ਤੋੜਨ ਵਾਲੇ। ਨਮ: ਹੈ ਤੈਨੂੰ, ਹੇ ਸਭ ਦੇ ਭੋਗ।
ਨਮ: ਹੈ ਤੈਨੂੰ, ਸਭਪੁਰ ਫਤਹਮੰਦ। ਨਮ: ਹੈ ਤੈਨੂੰ, ਜੋ ਸਭ ਨੂੰ ਭੈ-ਦਾਇਕ (ਹੈਂ)।੬੯।

੧. ਆਨੰਦ ਸ੍ਰੂਪ। ੨. ਪ੍ਰੇਮ ਰੂਪ। ੩. ਸਿੰਘਾਰ ਕਰਤਾ।
੪. ਸਿੰਘਾਰ ਕਰਤਾ। ਕ੍ਰੋਧ ਦਾ ਬੀ ਕ੍ਰੋਧ ਭਾਵ, ਕ੍ਰੋਧ ਨੂੰ ਕ੍ਰੋਧ ਨਾਲ ਮਾਰਨੇ ਵਾਲਾ। ਸੋਖ ਨੂੰ ਬੀ ਸੋਖ, ਅਭਾਵ=ਕਰਨੇ ਵਾਲਾ।
੫. ਰੁਜ ਧਾਤੂ=ਤੋੜ ਦੇਣਾ। ਭਾਵ ਸਭ ਨੂੰ ਤੋੜਨੇ ਅਰਥਾਤ ਲੈ ਕਰਨੇ ਵਾਲਾ ਹੈ।
ਯਾ ਦੁਖਾਂ ਸੁਖਾਂ ਦੇ ਦੇਣ ਵਾਲਾ ਹੈ, ਯਥਾ 'ਜਰਾ ਮਰਾ ਤਾਪ ਸਿਰਤ ਸਾਪ ਸਭ ਹਰ ਕੇ ਵਸ ਹੈ
ਕੋਈ ਲਾਗ ਨਾ ਸਕੇ ਬਿਨਾਂ ਹਰਿ ਕਾ ਲਾਇਆ'। ੬. ਆਨੰਦ ਰੂਪ।


www.sikhbookclub.com

ਨਮੋ ਸਰਬ ਗਿਆਨੰ॥ ਨਮੋ ਪਰਮ ਤਾਨੰ[੧]॥
ਨਮੋ ਸਰਬ ਮੰਤ੍ਰੰ[੨]॥ ਨਮੋ ਸਰਬ ਜੰਤ੍ਰੰ[੩]॥੭੦॥

ਨਮੋ ਸਰਬ ਦ੍ਰਿੱਸੰ॥ ਨਮੋ ਸਰਬ ਕ੍ਰਿੱਸੰ[੪]॥
ਨਮੋ ਸਰਬ ਰੰਗੇ॥ ਤ੍ਰਿਭੰਗੀ ਅਨੰਗੇ[੫]॥੭੧॥

ਨਮ: ਹੋਵੇ, ਪੂਰਨ ਗਿਆਨ ਵਾਲੇ ਨੂੰ। ਨਮ: ਹੋਵੇ, ਸਰਬ ਸਮਰੱਥ ਨੂੰ।
ਨਮ: ਹੋਵੇ, ਸੰਪੂਰਣ ਗਿਆਨ ਰੂਪ ਨੂੰ। ਨਮ: ਹੋਵੇ, ਪੂਰਣ ਸਾਧਨ (ਰੂਪ ਨੂੰ)।੭੦।

ਨਮ: ਹੈ, ਸਭ ਦੇ ਦੇਖਣ ਵਾਲੇ ਨੂੰ। ਨਮ: ਹੈ, ਸਭਨੂੰ ਖਿੱਚਣ ਵਾਲੇ ਨੂੰ।
ਨਮ: ਹੋਵੇ, ਸਭ ਰੰਗਾਂ ਵਾਲੇ ਨੂੰ। ਤਿੰਨਾਂ ਲੋਕਾਂ (ਯਾ ਦੇਵਤਿਆਂ) ਦਾ ਸੰਘਾਰ ਕਰਤਾ,
(ਪਰ ਆਪ) ਸਰੀਰ (ਅਕਾਰ) ਤੋਂ ਰਹਿਤ।੭੧।

੧. ਤਾਨ, ਬਲ। ੨. ਮੰਤ੍ਰ=ਜਾਪ, ਗਿਆਨ। ੩. ਸਾਧਨ, ਕਾਰਨ, ਕਲਾ,
ਭਾਵ ਸੰਸਾਰ ਦਾ ਪ੍ਰਬੰਧ ਕਰਤਾ। ੪. ਕ੍ਰਿਸੰ=ਖਿੱਚਣ ਵਾਲਾ। ੫. ਵਾ, ਸੁੰਦਰ।


www.sikhbookclub.com

ਨਮੋ ਜੀਵ ਜੀਵੰ॥ ਨਮੋ ਬੀਜ ਬੀਜੇ[੧]॥
ਅਖਿੱਜੇ[੨] ਅਭਿੱਜੇ[੩]॥ ਸਮਸਤੰ ਪ੍ਰਸਿੱਜੇ[੪]॥੭੨॥

ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ॥
ਸਦਾ ਸਰਬਦਾ ਰਿਧਿ ਸਿਧੰ ਨਿਵਾਸੀ॥੭੩॥

ਨਮ: ਹੋਵੇ, ਹੇ ਜੀਵਾਂ ਦੀ ਬੀ ਜਿੰਦ। ਨਮ: ਹੋਵੇ, ਹੇ ਬੀਜਾਂ ਦੇ ਬੀਜ।
ਖੇਦ ਤੋਂ ਰਹਿਤ ਟੁੱਟਣ ਤੋਂ ਰਹਿਤ। ਸੰਪੂਰਨ ਰੂਪ (ਕਰਕੇ) ਪ੍ਰਸੰਨ। ੭੨।

ਦਯਾਵਾਨ ਸਰੂਪ ਵਾਲਾ (ਹੈ) ਬੁਰੇ ਕਰਮਾਂ ਨੂੰ ਨਾਸ਼ ਕਰਨ ਵਾਲਾ ਹੈ।
ਨਿੱਤ ਸਦੀਵ ਰਿੱਧੀਆਂ (ਤੇ) ਸਿੱਧੀਆਂ ਨਿਵਾਸ ਕਰਦੀਆਂ ਹਨ (ਜਿਸ ਵਿਚ)। ੭੩।

੧. ਮੂਲ ਕਾਰਣ। ੨. ਸੁਖ ਸਰੂਪ। ੩. ਪੂਰਣ, ਜੋ ਵੰਡਿਆ ਨਾ ਜਾਏ।
੪. ਨਾ ਖਿਝਣ ਵਾਲੇ ਨਾ ਤ੍ਰੁਠਣ ਵਾਲੇ ਹੋ ਪਰ ਫੇਰ ਸਭ ਪਰ ਦਿਆਲੂ ਹੋ।


www.sikhbookclub.com

## ਚਰਪਟ ਛੰਦ॥ ਤ੍ਵ ਪ੍ਰਸਾਦਿ॥

**ਅੰਮ੍ਰਿਤ[1] ਕਰਮੇ[2]॥ ਅੰਬ੍ਰਿਤ[3] ਧਰਮੇ॥**
**ਅਖੱਲ ਜੋਗੇ[4]॥ ਅਚੱਲ ਭੋਗੇ[5]॥੭੪॥**

**ਅਚੱਲ ਰਾਜੇ॥ ਅਟੱਲ ਸਾਜੇ॥**
**ਅਖੱਲ ਧਰਮੰ॥ ਅਲੱਖ ਕਰਮੰ॥੭੫॥**

ਨਾਮ ਛੰਦ ਤੇਰੀ ਕ੍ਰਿਪਾ ਦੁਆਰਾ।
ਸਥਿਰ ਕੰਮ ਵਾਲਾ। ਹਦ ਤੋਂ ਰਹਿਤ ਹੈ ਧਰਮ (ਜਿਸਦਾ)।
ਅਟੱਲ ਜੋਗ ਵਾਲਾ ਹੈਂ ਤੇ ਅਟੱਲ ਭੋਗ ਵਾਲਾ (ਹੈਂ ਤੂੰ)।੭੪।

ਅਟੱਲ ਰਾਜ ਵਾਲਾ ਤੇ ਅਟੱਲ ਰਚਨਾਂ ਵਾਲਾ (ਹੈਂ ਤੂੰ)।
ਸਾਰੇ ਧਰਮ (ਹਨ ਤੇਰੇ)। ਅਗੰਮ ਕੰਮ (ਹਨ ਤੇਰੇ)।੭੫।

੧. ਜੋ ਕਦੀ ਨਾ ਮਰੇ। ਅਟੱਲ ਕਰਮ "ਆਪਿ ਸਤਿ ਕੀਆ ਸਭੁ ਸਤਿ"।
੨. ਸਚੇ ਤੇਰੇ ਕਰਣੇ ਸਰਬ ਬੀਚਾਰ॥ ੩. ਅਨੇਕ ਬੀੜਾਂ ਵਿਚ ਪਾਠ ਅਬ੍ਰਿਤ ਹੈ।
ਅ+ਬ੍ਰਿਤਿ=ਘੇਰੇ ਤੋਂ ਰਹਿਤ, ਹੱਦ ਤੋਂ ਰਹਿਤ। ਵਾ ਆਵ੍ਰਿਤ=ਸਭ ਧਰਮਾਂ ਦੇ ਉਪਰ ਆਛਾਦਿਤ ਹੈ ਤੇਰਾ ਧਰਮ।
੪. ਸਭ ਨਾਲ ਮਿਲਿਆ ਹੋਇਆ। ੫. ਸਦਾ ਆਨੰਦ। ਵਾ, ਭਾਵ।

 www.sikhbookclub.com

ਸਰਬੰ ਦਾਤਾ॥ ਸਰਬੰ ਗਿਆਤਾ॥
ਸਰਬੰ ਭਾਨੇ॥ ਸਰਬੰ ਮਾਨੇ[1]॥੭੬॥

ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥
ਸਰਬੰ ਭੁਗਤਾ[2]॥ ਸਰਬੰ ਜੁਗਤਾ॥੭੭॥

(ਤੂੰ) ਸਭ ਨੂੰ ਦੇਣ ਵਾਲਾ ਹੈਂ। ਸਭ ਨੂੰ ਜਾਨਣ ਵਾਲਾ।
ਸਭ ਨੂੰ ਪ੍ਰਕਾਸ਼ਣ ਵਾਲਾ। ਸਭ ਪੁਰ ਵਡਿਆਈ ਵਾਲਾ।੭੬।

ਸਭ ਦੀ ਜਿੰਦ (ਹੈਂ ਤੂੰ)। ਸਭ ਦੀ ਰੱਖਜਾ ਕਰਨ ਵਾਲਾ।
ਸਭਨੂੰ ਲੈ ਕਰਨੇ ਵਾਲਾ। ਸਭ ਨਾਲ ਜੁੜਿਆ (ਹੈਂ ਤੂੰ)।੭੭।

੧. ਜਾਂ, ਸਾਰੇ (ਤੈਨੂੰ) ਮੰਨਦੇ ਹਨ। ੨. ਭੁਗਤ=ਖੁਰਾਕ।


www.sikhbookclub.com

ਸਰਬੰ ਦੇਵੰ[1]॥ ਸਰਬੰ ਭੇਵੰ॥
ਸਰਬੰ ਕਾਲੇ[2]॥ ਸਰਬੰ ਪਾਲੇ॥੭੮॥

ਸਭ ਲਈ ਪ੍ਰਕਾਸ਼ਮਾਨ। ਸਭ ਤੋਂ ਗੁਪਤ।
ਸਭ ਦਾ ਕਾਲ (ਤੇ) ਸਭ (ਦਾ) ਪਾਲਕ।੭੮।

੧. ਦਿਵ=ਪ੍ਰਕਾਸ਼ੇ। ਜਾਂ, ਪੂਜਜ। ੨. ਜਾਂ, ਜੋ ਸਦਾ ਹੋਵੇ।


www.sikhbookclub.com

ਰੂਆਲ ਛੰਦ॥ ਤ੍ਵਪ੍ਰਸਾਦਿ॥

**ਆਦਿ ਰੂਪ ਅਨਾਦਿ[1] ਮੂਰਤਿ ਅਜੋਨਿ ਪੁਰਖ ਅਪਾਰ॥**
**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**

**ਸਰਬ ਪਾਲਕ ਸਰਬ ਘਾਲਕ[2] ਸਰਬ ਕੋ ਪੁਨਿ ਕਾਲ॥**
**ਜੱਤ੍ਰ ਤੱਤ੍ਰ[3] ਬਿਰਾਜਹੀ ਅਵਧੂਤ ਰੂਪ ਰਸਾਲ[4]॥੭੯॥**

ਨਾਮ ਛੰਦ ਦਾ। ਤੇਰੀ ਕ੍ਰਿਪਾ ਦੁਆਰਾ।
ਸਭ ਤੋਂ ਪਹਿਲੇ (ਸੀ) ਸਰੂਪ (ਤੇਰਾ), ਆਦਿ ਰਹਿਤ ਹੈ ਵਜੂਦ (ਤੇਰਾ), ਜਨਮ ਤੋਂ ਰਹਿਤ, ਪੂਰਣ, ਪਾਰ ਤੋਂ ਰਹਿਤ (ਹੈਂ ਤੂੰ)। ਸਭ ਤੋਂ ਵਡਿਆਈ (ਦੇ ਜੋਗ), ਤਿੰਨਾਂ ਕਾਲਾਂ ਵਿਚ ਵਡਿਆਈ ਵਾਲਾ, ਪ੍ਰਕਾਸ਼ ਰੂਪ, ਭੇਦ ਤੋਂ ਰਹਿਤ, ਮੂਲ (ਕਾਰਣ) ਤੇ ਦਾਤਾ (ਹੈਂ)।

ਸਭ ਨੂੰ ਪਾਲਣ ਵਾਲਾ, ਸਭ ਨੂੰ ਮਾਰਨ ਵਾਲਾ ਤੇ ਸਭ ਦੀ ਫੇਰ ਮੌਤ (ਹੈਂ)।
ਜਿੱਥੇ ਕਿੱਥੇ ਬਿਰਾਜਮਾਨ ਹੈ ਅਤੀਤ ਰੂਪ ਵਿਚ (ਫਿਰ) ਰਸਮਯ (ਹੈਂ ਤੂੰ)।੭੯।

੧. ਜਿਸਦਾ ਆਦ ਨ ਹੋਵੇ। ੨. ਘਾਲਨਾ, 'ਕਰਨੇ' ਨੂੰ ਬੀ ਕਹਿੰਦੇ ਹਨ। ਇਸ ਤੋਂ ਘਾਲਕ ਦਾ ਅਰਥ ਉਤਪਤ ਕਰਤਾ ਬੀ ਲਾਉਂਦੇ ਹਨ। ੩. ਹਰ ਥਾਂ।
੪. ਭਾਵ ਇਕ ਪਾਸੇ ਤੂੰ ਸਭ ਰਸਾਂ ਤੋਂ ਅਤੀਤ ਹੈਂ ਦੂਜੇ ਪਾਸੇ ਰਸੀਆ ਹੈਂ।


www.sikhbookclub.com

ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰ[1] ਮੂਰਤਿ ਅਜੋਨਿ ਆਦਿ ਅਸੇਖ॥

ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ[2]॥੮੦॥

(ਜਿਸਦਾ) ਨਾਉਂ, ਥਾਉਂ, ਜਾਤ, ਰੂਪ ਰੰਗ ਤੇ ਨਿਸ਼ਾਨ ਨਹੀਂ ਹੈ।
(ਸਭਥੋਂ) ਪਹਿਲਾ ਪੁਰਖ, ਉਦਾਰ ਸ੍ਰੂਪ (ਹੈ ਜਿਸਦਾ), ਜਨਮ ਤੋਂ ਰਹਿਤ,
ਮੁੱਢ (ਕਾਰਣ ਹੈ) (ਤੇ) ਪਰੀ ਪੂਰਣ(ਹੈ)।

ਥਾਉਂ ਅਤੇ ਨਹੀਂ ਹੈ ਭੇਸ ਜਿਸ ਦਾ,
ਸ਼ਕਲ ਨਿਸ਼ਾਨ ਨਹੀਂ ਹੈ ਤੇ ਕਾਮਨਾ ਨਹੀਂ ਹੈ (ਜਿਸਨੂੰ)।
ਜਿੱਥੇ ਕਿੱਥੇ (ਤੇ) ਲਾਂਭਾਂ ਸ਼ਾਂਭਾਂ (ਵਿਚ) ਪਸਰ ਰਿਹਾ ਹੈ ਪ੍ਰੇਮ ਰੂਪ ਹੋਕੇ।੮੦।

੧. ਰੀ=ਗਤੀ+ਉਤ, ਉਪਸਰਗ=ਸਭ ਤੋਂ ਪਰੇ ਹੈ ਗਤੀ ਜਿਸਦੀ।
੨. ਭਾਵ, ਪ੍ਰੇਮ ਸਰੂਪ ਹੋਕੇ ਸਾਰੇ ਵਜਾਪਕ ਹੈ।


www.sikhbookclub.com

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ[੧]॥
ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ[੨]॥

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ[੩]॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ[੪]॥੮੧॥

ਨਾਉਂ (ਤੇ) ਕਾਮਨਾਂ ਤੋਂ ਬਿਨਾ ਦੇਖੀਦਾ ਹੈ (ਜੋ ਤੇ) ਘਰ ਬੀ ਨਹੀਂ ਹੈ ਜਿਸਦਾ।
ਸਾਰੇ (ਲੋਕ) ਮੰਨਦੇ ਹਨ, ਸਭ ਥਾਂ ਮੰਨਦੇ ਹਨ ਤੇ ਸਦਾ ਮੰਨਦੇ ਹਨ ਉਸਨੂੰ।

(ਉਸਦਾ) ਸਰੂਪ (ਤਾਂ) ਇਕੋ ਹੈ (ਪਰ ਉਸਦੇ) ਦਰਸਨ ਅਨੇਕ ਹਨ,
(ਕਿਉਂ ਜੋ ਉਸਨੇ) ਧਾਰਨ ਕੀਤੇ ਹਨ ਰੂਪ ਅਨਗਿਣਤ। (ਅਨੇਕ ਰੂਪਾਂ ਵਿਚ ਪਰਤੱਖ)
ਖੇਡਾਂ ਖੇਡਦਾ ਅਥਵਾ ਅਖੇਲ ਖੇਡਦਾ ਅੰਤ ਨੂੰ ਫਿਰ ਇਕੋ ਇਕ ਹੈ। ੮੧।

੧. ਭਾਵ ਸਰਬ ਬਜਾਪੀ ਹੈ। ੨. ਸਾਰੇ ਲੋਕ!
੩. ਵਾਸਤਵ ਵਿਚ ਇਕ ਹੈ, ਅਨੇਕ ਰੂਪ ਧਾਰਣ ਕਰਕੇ ਦਰਸ਼ਨ ਅਨੇਕ ਹਨ।
੪. ਅਨੇਕ ਰੂਪ ਜੋ ਖੇਲਾਂ ਖੇਲਦੇ ਹਨ ਇਹ ਖੇਲ 'ਖੇਲ' ਹੈ।
ਆਪ ਇਕ ਰੂਪ ਵਿਚ ਰਹਿਕੇ ਉਤਪਤੀ ਪਾਲਨ ਸੰਘਾਰ ਦੀ ਜੋ ਖੇਲ ਕਰਦਾ ਹੈ ਸੋ 'ਅਖੇਲ' ਖੇਲਨ ਹੈ।


www.sikhbookclub.com

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ[1]॥
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਹੀ ਕਿੰਹ ਜੇਬ[2]॥

ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥
ਚੱਕ੍ਰ ਬੱਕ੍ਰ[3] ਫਿਰੈ ਚਤੁਰ ਚੱਕ ਮਾਨ ਹੀ ਪੁਰਤੀਨ॥੮੨॥

ਦੇਵਤੇ ਭੇਦ ਨਹੀਂ ਜਾਣਦੇ ਜਿਸਦਾ (ਤੇ ਨਾਂ ਹੀ) ਵੇਦ ਤੇ ਕਿਤਾਬਾਂ।
ਰੂਪ ਤੇ ਰੰਗ ਨਹੀਂ ਹੈ (ਜਿਸਦਾ) ਤੇ ਜ਼ਾਤ ਪੰਗਤੀ ਨਹੀਂ ਹੈ
(ਜਿਸਦੀ) ਉਸਨੂੰ ਜਾਣੀਦਾ ਹੈ ਕਿਸ ਬਿਧ?

ਪਿਤਾ ਮਾਤਾ ਤੇ ਗੋਤ ਨਹੀਂ ਹੈ ਜਿਸਦੀ (ਤੇ ਹੈ ਜੋ) ਜਨਮ (ਤੇ) ਮਰਨ (ਥੋਂ) ਰਹਿਤ।
ਚਹੁੰ ਚਕਾਂ ਵਿਚ ਜਿਸਦਾ ਅਮੁੜ ਚੱਕ੍ਰ ਫਿਰ ਰਿਹਾ ਹੈ (ਤੇ) ਜਿਸਨੂੰ ਤਿੰਨੇ ਲੋਕ ਮੰਨਦੇ ਹਨ।੮੨।

੧. ਹੋਰ ਮਤਾਂ ਦੇ ਪੁਸਤਕ ਕਤੇਬ ਕਹੇ ਜਾਂਦੇ ਹਨ। ੨. ਫਾ: ਜ਼ੇਬ=ਫਬਨ, ਭਾਵ ਹੈ ਵਿਧਿ।
੩. ਵਕ੍ਰ=ਟੇਢਾ, ਬਾਂਕਾ, ਸੁਹਣਾ। ਮੁਰਾਦ ਹੈ ਜਿਸਨੂੰ ਕੋਈ ਮੋੜ ਨਹੀਂ ਸਕਦਾ।
ਚੱਕ੍ਰ ਫਿਰਨਾ ਤੋਂ ਮੁਰਾਦ ਹੁਕਮ ਮੰਨੇ ਜਾਣ ਦਾ ਹੈ।


www.sikhbookclub.com

ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿੰਹ ਜਾਪ॥
ਆਦਿ ਦੇਵ[1] ਅਨਾਦਿ ਮੂਰਤਿ ਥਾਪਿਓ ਸਬੈ ਜਿੰਹ ਥਾਪਿ॥

ਪਰਮ ਰੂਪ[2] ਪੁਨੀਤ ਮੂਰਤਿ ਪੂਰਨ ਪੁਰਖ ਅਪਾਰ[3]॥
ਸਰਬ ਬਿਸ੍ਵ ਰਚਜੋ ਸੁਯੰਭਵ[4] ਗੜਨ ਭੰਜਨਹਾਰ॥੮੩॥

ਚੌਦਾ ਲੋਕਾਂ (ਸਾਰੇ ਸੰਸਾਰ) ਵਿਚ ਸ੍ਰਿਸ਼ਟੀ ਜਪਦੀ ਹੈ ਜਿਸਦਾ ਜਾਪ।
ਸਭ ਤੋਂ ਮੁੱਢਲਾ ਪੂਜਜ, (ਜਿਸ ਦਾ) ਵਜੂਦ ਆਦਿ ਤੋਂ ਰਹਿਤ ਹੈ (ਤੇ)
ਰਚੀ ਹੈ ਸਾਰੀ ਜਿਸਨੇ ਰਚਨਾ।

ਪੂਰਾ ਹੈ ਰੂਪ, ਪਵਿਤ੍ਰ (ਹੈ) ਮੂਰਤ (ਜਿਸਦੀ, ਭਰਪੂਰ ਹੈ, ਵਿ-ਆਪਕ ਹੈ ਤੇ ਬੇਅੰਤ (ਹੈ)।
ਸਾਰੀ ਸ੍ਰਿਸ਼ਟੀ ਰਚੀ ਹੈ ਜਿਸਨੇ (ਉਹ ਆਪ) ਸੁਤੇ ਪ੍ਰਕਾਸ਼ ਹੈ,
(ਪਰ ਅਪਣੀ ਰਚੀ ਨੂੰ) ਬਨਾਉਣ (ਤੇ) ਭੰਨਣ ਨੂੰ ਸਮਰੱਥ ਹੈ। ੮੩।

੧. ਆਦਿ ਕਾਰਨ   ੨. ਪਰਮ ਰੂਪ ਤੋਂ ਭਾਵ ਪਰਮ ਪੁਰਖ ਦਾ ਹੈ, ਪ੍ਰਮਾਤਮਾ।
੩. ਜਿਸਦਾ ਪਾਰ ਨਾ ਹੋਵੇ।   ੪. ਪਰਮੇਸ਼ੁਰ ਨੂੰ ਕਿਸੇ ਨਹੀਂ ਰਚਿਆ।


www.sikhbookclub.com

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ[੧]॥**
**ਧਰਮ ਧਾਮ[੨] ਸੁ ਭਰਮ ਰਹਿਤ ਅਭੂਤ[੩] ਅਲਖ ਅਭੇਸ॥**

**ਅੰਗ ਰਾਗ[੪] ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ॥**
**ਗਰਬ ਗੰਜਨ ਦੁਸਟ ਭੰਜਨ ਮੁਕਤ ਦਾਇਕ ਕਾਮ॥੮੪॥**

ਕਾਲ (ਥੋਂ) ਰਹਿਤ (ਹੈ), ਸਮਰੱਥਾ ਵਾਲਾ (ਹੈ), ਮੌਤ ਤੋਂ ਰਹਿਤ (ਹੈ), ਵਿਆਪਕ (ਹੈ)
ਤੇ ਦੇਸ ਭੇਦ ਤੋਂ ਰਹਿਤ ਹੈ। ਧਰਮ ਦਾ ਘਰ, ਉਹ ਭਰਮ ਤੋਂ ਸੱਖਣਾ,
ਸਰੀਰ ਤੋਂ ਰਹਿਤ, ਸਮਝ ਤੋਂ ਪਰੇ (ਤੇ) ਰੂਪ ਤੋਂ ਰਹਿਤ (ਹੈ)।

ਸਰੀਰ, ਗੁਣ ਤੇ ਰੰਗ ਨਹੀਂ ਹਨ ਜਿਸਦੇ,
ਜਨਮ ਮੌਤ ਤੇ ਨਹੀਂ ਹੈ ਨਾਉਂ ਜਿਸਦਾ। ਹੰਕਾਰ ਨੂੰ ਭੰਨਣਾ
(ਤੇ) ਪਾਪੀਆਂ (ਨੂੰ) ਨਾਸ਼ ਕਰਨਾ ਕਲਜਾਨ ਕਰਨੀ (ਆਦਿਕ) ਕੰਮ ਹਨ ਜਿਸਦੇ।੮੪।

੧. ਵਾ, ਆਦੇਸ਼=ਨਮਸਕਾਰ ਹੈ ਉਸਨੂੰ। ੨. ਧਰਮ ਦਾ ਆਸਰਾ ਜਿਸ ਕਰਕੇ ਧਰਮ ਸਥਿਰ ਹੋਵੇ।
੩. ਜਾਂ ਜਿਸ ਵਰਗਾ ਹੋਰ ਨਾ ਬਣਿਆ ਹੋਵੇ।
੪. ਰਾਗ=ਰਜੋ ਗੁਣ। ਭਾਵ, ਸਰੀਰ, ਰਜੋ ਆਦਿ ਗੁਣ ਤੇ (ਰੰਗ=) ਰੂਪ ਨਹੀਂ ਹੈ।
ਕਸਤੂਰੀ ਆਦਿ ਸੁਗੰਧੀ ਬੀ ਅਰਥ ਹੈ 'ਅੰਗਰਾਗ' ਦਾ।


www.sikhbookclub.com

**ਆਪ ਰੂਪ[੧] ਅਮੀਕ ਅਨਉਸਤਤਿ ਏਕ ਪੁਰਖ ਅਵਧੂਤ[੨]॥**
**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ[੩]॥**

**ਅੰਗ ਹੀਨ[੪] ਅਭੰਗ ਅਨਾਤਮ[੫] ਏਕ ਪੁਰਖ ਅਪਾਰ॥**
**ਸਰਬ ਲਾਇਕ[੬] ਸਰਬ ਘਾਇਕ ਸਰਬ ਕੋ ਪ੍ਰਤਿਪਾਰ॥੮੫॥**

ਆਪ ਅਪਣਾ ਰੂਪ ਹੈ, ਗੰਭੀਰ, ਪਰੇ ਹੈ ਉਪਮਾਂ ਥੋਂ, ਇਕ (ਹੈ),
ਵਿਆਪਕ ਤੇ ਨਿਰਲੇਪ ਹੈ। ਹੰਕਾਰ ਭੰਨਣ ਵਾਲਾ, ਸਭ ਨੂੰ ਲੈ ਕਰਨੇ ਵਾਲਾ,
ਮੂਲ ਰੂਪ ਹੈ (ਜਿਸਦਾ ਪਰ ਆਪ) ਜਨਮ ਤੋਂ ਰਹਿਤ ਹੈ।

ਸਰੀਰ ਤੋਂ ਰਹਿਤ, ਅਬਨਾਸ਼ੀ ਜੋ ਨਿਰਾਕਾਰ ਹੈ,
ਇਕ ਹੈ ਵਿਆਪਕ ਹੈ ਤੇ ਬੇਅੰਤ ਹੈ। ਸਭ ਨੂੰ (ਜੀਵਨ) ਦੇਣ ਵਾਲਾ,
ਸਭ ਨੂੰ ਨਾਸ਼ ਕਰਨੇ ਵਾਲਾ (ਤੇ) ਸਭ ਦੀ ਪਾਲਨਾ ਕਰਨ ਵਾਲਾ ਹੈ। ੮੫।

੧. ਆਤਮ ਸਰੂਪ ਹੈ। ੨. ਅਤੀਤ, ਨਿਰਲੇਪ, ਅਚੱਲ, ਪਵਿਤ੍ਰ, ਸ਼ੁੱਧ।
੩. ਆਦਿ ਰੂਪ=ਸਭ ਰੂਪਾਂ ਦਾ ਮੁੱਢ। ਸੂਤ=ਜਨਮ। ਅਸੂਤ=ਅਜਨਮਾ।
੪. ਵਾ, ਸਰੀਰ ਧਾਰੀਆਂ ਵਾਙੂ ਅੰਗ ਨਹੀਂ ਹਨ ਜਿਸਦੇ।
੫. ਸੰਸ:, ਅਨਾਤਮਜ। ਵਾ, ਅਨ+ਆਤਮਨੀਕਾ=ਜੋ ਸ੍ਵਾਰਥੀ ਨਹੀਂ ਅਥਵਾ ਜੋ ਮਨ ਤੋਂ ਰਹਿਤ ਹੈ।
੬. ਹਿੰਦੀ, ਲਾਯਕ=ਦੇਣ ਵਾਲਾ। ਜੁੜਿਆ ਹੋਇਆ। (ਅ:, ਲਾਯਕ=ਯੋਗ, ਠੀਕ, ਪ੍ਰਬੀਨ।)

 www.sikhbookclub.com

ਸਰਬ ਗੰਤਾ[੧] ਸਰਬ ਹੰਤਾ ਸਰਬ ਤੇ ਅਨਭੇਖ॥
ਸਰਬ ਸਾਸਤ੍ਰ ਨ ਜਾਨਹੀ ਜਿੰਹ ਰੂਪ ਰੰਗੁ ਅਰੁ ਰੇਖ॥

ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ[੨]॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ[੩]॥੮੬॥

ਸਭ ਗਤੀ ਵਾਲਾ, ਸਭ ਦੇ ਮਾਰਨ ਵਾਲਾ, ਸਭ ਤੋਂ ਵਖਰਾ ਹੈ ਰੂਪ (ਜਿਸਦਾ)।
ਸਾਰੇ ਧਰਮ ਪੁਸਤਕ ਨਹੀਂ ਜਾਣਦੇ ਜਿਸਦੇ ਸ਼ਕਲ ਰੰਗ ਤੇ ਚਿੰਨ੍ਹਾਂ (ਨੂੰ)।

ਸੰਪੂਰਣ ਵੇਦ ਤੇ ਪੁਰਾਨ ਜਿਸਨੂੰ "ਇਹ ਨਹੀਂ" ਕਹਿੰਦੇ ਹਨ ਸਦੀਵ।
ਕ੍ਰੋੜਾਂ ਸਿਮ੍ਰਿਤੀਆਂ ਪੁਰਾਣ ਤੇ ਸ਼ਾਸਤ੍ਰਾਂ (ਕਰਕੇ) ਨਹੀਂ ਆਉਂਦਾ ਹੈ ਉਹ ਮਨ ਵਿਚ।੮੬।

੧. ਗਮਲ੍ਰੀ=ਗਤੀ ਧਾਤੂ ਹੈ। ੨. (ਅ) ਵੇਦ ਪੁਰਾਣ ਜਿਸਨੂੰ ਅਨੰਤ ਤੇ ਸਭ ਤੋਂ ਵਡਾ ਤੇ ਨਿਤ ਰਹਣੇ ਵਾਲਾ ਦਸਦੇ ਹਨ। (ਨੇਤਿ=ਨੇ ਇਤਿ=ਨਹੀਂ ਹੈ ਇਹ ਬੀ, ਭਾਵ ਅਨੰਤ)।
੩. ਭਾਵ ਮਨ ਤੋਂ ਅਵਿਸ਼ੇ ਰਹਿੰਦਾ ਹੈ। ਕਿਉਂਕਿ ਉਹ ਅਨੰਤ ਹੈ, ਮਨ ਦੇਸ਼ ਕਾਲ ਦੀ ਹੱਦ ਵਿਚ ਹੈ।

 www.sikhbookclub.com

## ਮਧੁਭਾਰ ਛੰਦ॥ ਤ੍ਵਪ੍ਰਸਾਦਿ॥

**ਗੁਨ ਗਨ ਉਦਾਰ॥ ਮਹਿਮਾ ਅਪਾਰ॥**
**ਆਸਨ[1] ਅਭੰਗ[2]॥ ਉਪਮਾ ਅਨੰਗ॥੮੭॥**

**ਅਨਭਉ ਪ੍ਰਕਾਸ॥ ਨਿਸ ਦਿਨ ਅਨਾਸ[3]॥**
**ਆਜਾਨ ਬਾਹੁ[4]॥ ਸਾਹਾਨ ਸਾਹੁ॥੮੮॥**

ਨਾਮ ਛੰਦ। ਤੇਰੀ ਕ੍ਰਿਪਾ।
ਸਾਰੇ ਗੁਣ (ਦਾਨ ਕਰਨ ਵਿਚ ਉਹ) ਉਦਾਰ ਹੈ। ਵਡਿਆਈ ਉਸਦੀ) ਪਾਰ ਤੋਂ ਰਹਿਤ ਹੈ।
ਆਸਨ ਸਥਿਰ ਹੈ ਜਿਸਦਾ। ਉਪਮਾ (ਜਿਸਦੀ) ਅਤਿ ਸੁੰਦਰ[3] ਹੈ। ੮੭।

ਸਾਖਜਾਤ ਕਾਰੀ ਗਜਾਨ ਦਾ ਪ੍ਰਕਾਸ਼ਨ ਵਾਲਾ ਹੈ। ਰਾਤਦਿਨ ਨਾਸ਼ ਤੋਂ ਰਹਿਤ ਹੈ।
ਹੁਕਮਾਂ ਦੇ ਧਾਰਨ ਵਾਲਾ। ਪਾਤਸ਼ਾਹਾਂ ਦਾ ਪਾਤਸ਼ਾਹ (ਹੈ)। ੮੮।

੧. ਆਸਨ ਭਾਵ, ਸਰੂਪ, ਵਜੂਦ, ਸਤਿਸੰਗ। ੨. ਅਨੰਗ=ਕਾਮਦੇਵ ਭਾਵ ਅਤਿ ਸੁੰਦਰਤਾ ਤੋਂ ਹੈ।
(ਅ) ਅਟੁੱਟ ਉਪਮਾ (ਹੈ ਤੇਰੀ) ਅਨ+ਅੰਗ=ਜੋ ਟੁੱਟ ਨਾ ਸਕੇ। (ੲ) ਅਨੰਗ ਦਾ ਅਰਥ ਅਕਾਸ਼ ਤੇ ਵਿਚਾਰ ਸ਼ਕਤੀ ਬੀ ਹੈ।
੩. ਸਦਾ ਅਟੱਲ, ਇਕ ਰਸ। ੪. ਅਜ਼ਾਨ=ਹੁਕਮ। (ਅ) ਗੋਡਿਆਂ ਤੱਕ ਬਾਹਾਂ ਵਾਲਾ ਭਾਵ ਸੁੰਦਰ ਰੂਪ ਵਾਲਾ।


www.sikhbookclub.com

ਰਾਜਾਨ ਰਾਜ॥ ਭਾਨਾਨ ਭਾਨ[੧]॥
ਦੇਵਾਨ ਦੇਵ॥ ਉਪਮਾ ਮਹਾਨ॥੮੯॥

ਇੰਦ੍ਰਾਨ[੨] ਇੰਦ੍ਰ॥ ਬਾਲਾਨ ਬਾਲ॥
ਰੰਕਾਨ ਰੰਕ[੩]॥ ਕਾਲਾਨ ਕਾਲ[੪]॥੯੦॥

ਰਾਜਿਆਂ ਦਾ ਰਾਜਾ। ਸੂਰਜਾਂ ਦਾ ਸੂਰਜ।
ਦੇਵਤਿਆਂ ਦਾ ਬੀ ਪੂਜਜ ਹੈ। ਵਡਿਆਈ ਜਿਸਦੀ ਵੱਡੀ ਹੈ।੮੯।

ਇੰਦ੍ਰਾਂ ਵਿਚ ਇੰਦ੍ਰ ਹੈ। ਉੱਚਿਆਂ ਵਿਚ ਉੱਚਾ ਹੈ।
ਗ਼ਰੀਬਾਂ ਵਿਚ ਗ਼ਰੀਬ। ਕਾਲਾਂ ਵਿਚ ਕਾਲ।੯੦।

੧. ਸੂਰਜ ਚੰਦ ਸਭ ਦਾ ਪ੍ਰਕਾਸ਼ਕ। ੨. ਇੰਦ੍ਰ=ਐਸ਼੍ਵਰਜਵਾਨ।
੩. ਬਾਲਾ=ਉੱਚਾ। ਰੰਕ=ਗ਼ਰੀਬ। ਸੂਖਮ ਤੋਂ ਬੀ ਮੁਰਾਦ ਹੈ। ੪. ਸਰਬ ਵਿਆਪਕਤਾ ਦਿਖਾਈ ਹੈ।


www.sikhbookclub.com

ਅਨਭੂਤ[1] ਅੰਗ॥ ਆਭਾ ਅਭੰਗ॥
ਗਤਿ ਮਿਤਿ ਅਪਾਰ[2]॥ ਗੁਨ ਗਨ ਉਦਾਰ॥੯੧॥

ਮੁਨਿ ਗਨਿ ਪ੍ਰਨਾਮ॥ ਨਿਰਭੈ ਨਿਕਾਮ॥
ਅਤਿ ਦੁਤਿ ਪ੍ਰਚੰਡ॥ ਮਿਤਿ ਗਤਿ ਅਖੰਡ[3]॥੯੨॥

ਨਹੀਂ ਹਨ ਅੰਗ (ਜਿਸਦੇ)। ਸ਼ੋਭਾ (ਜਿਸਦੀ) ਨਹੀਂ ਟੁੱਟਦੀ।
(ਉਸਦੀ) ਗਿਣਤੀ ਮਿਣਤੀ ਬੇਅੰਤ ਹੈ।
ਸਾਰੇ ਗੁਣ (ਦਾਨ ਕਰਨ ਵਿਚ) (ਓਹ) ਉਦਾਰ ਹੈ।੯੧।

ਮੁਨੀਆਂ ਦੇ ਸਮੂਹ ਦੀ ਨਮਸਕਾਰ (ਦੀ ਥਾਂ ਹੈਂ ਤੂੰ)।
ਭੈ ਤੋਂ ਰਹਿਤ, ਕਾਮਨਾ ਤੋਂ ਰਹਿਤ।
ਬਹੁਤ (ਹੈ) ਪ੍ਰਕਾਸ਼ ਤੇ ਤੇਜ (ਜਿਸਦਾ)। ਮਿਣਤੀ (ਤੇ) ਗਿਣਤੀ ਅਟੁੱਟ ਹੈ।੯੨।

੧. ਵਾ, (ਜਿਸਦਾ) ਸਰੀਰ (ਭੂਤ=) ਤੱਤਾਂ ਦਾ ਨਹੀਂ ਹੈ। ੨. ਵਾ, ਗਤੀ ਤੇ ਮ੍ਰਿਯਾਦਾ।
੩. ਵਾ, ਮ੍ਰਿਯਾਦਾ ਤੇ ਗਤੀ ਅਖੰਡ ਹੈ।


www.sikhbookclub.com

**ਆਲਿਸਜ ਕਰਮ[1]॥ ਆਦ੍ਰਿਸਜ ਧਰਮ[2]॥**
**ਸਰਬਾ ਭਰਣਾਢਯ[3]॥ ਅਨਡੰਡ ਬਾਢਯ[4]॥੯੩॥**

ਕਰਮ ਤੋਂ ਅਕ੍ਰੈ ਹੈ। ਧਰਮ ਤੇਰਾ ਦਿੱਸ ਨਹੀਂ ਪੈਂਦਾ।
(ਫਿਰ) ਸਭ ਦਾ ਭਰਨਹਾਰ (ਪਾਲਕ) ਹੈ।
(ਧਰਮ ਤੋਂ ਪਰੇ ਹੋਣ ਕਰਕੇ) ਰਹਿਤ ਹੈ ਸਜ਼ਾ ਤੋਂ ਪੱਕੀ ਤਰ੍ਹਾਂ। ੯੩।

੧. ਆਲਸ ਪਦ ਲਸ ਧਾਤੂ ਤੋਂ ਬਣਦਾ ਹੈ। ਲਸ ਦਾ ਅਰਥ ਕੰਮ ਕਰਨਾ ਬੀ ਹੈ। ਸੋ ਅਲਿਸਜ=ਅਕ੍ਰੈ।
੨. ਭਾਵ ਜਿਵੇਂ ਕਰਮ ਤੋਂ ਅਕ੍ਰੈ ਰੂਪ ਹੈਂ ਤਿਵੇਂ ਧਰਮ ਤੋਂ ਬੀ ਉਪਰ ਹੈਂ ਤੂੰ। ਧਰਮ ਤੋਂ ਮੁਰਾਦ ਉਹ ਧਰਮ ਹਨ ਜੋ ਅਸਾਂ ਧਾਰਨ ਕੀਤੇ ਹਨ। ਇਥੇ ਨਿਰਗੁਣ ਦੀ ਮਹਿੰਮਾ ਹੋ ਰਹੀ ਹੈ। ੩. ਵਾ, ਸਭ ਗਹਿਣਿਆਂ ਦਾ ਧਾਰਨ ਵਾਲਾ।
੪. ਬਾਢਯ (ਸੰ: ਵਾਢ=ਬਹੁਤ, ਪੱਕਾ, ਠੀਕ) ਭਾਵ ਉਸ ਪਰ ਡੰਡ ਕਿਸੇ ਦਾ ਨਹੀਂ।


www.sikhbookclub.com

ਚਾਚਰੀ ਛੰਦ॥ ਤ੍ਵਪ੍ਰਸਾਦਿ॥

ਗੁਬਿੰਦੇ॥ ਮੁਕੰਦੇ[1]॥
ਉਦਾਰੇ॥ ਅਪਾਰੇ॥੯੪॥

ਹਰੀਅੰ[2]॥ ਕਰੀਅੰ॥
ਨ੍ਰਿਨਾਮੇ॥ ਅਕਾਮੇ॥੯੫॥

ਨਾਮ ਛੰਦ। ਤੇਰੀ ਕ੍ਰਿਪਾ।
ਪ੍ਰਿਥਵੀ ਦੇ ਜਾਣਨ ਵਾਲੇ। ਮੁਕਤੀ ਦਾਤੇ।
ਦਿਆਲੂ। ਬੇਅੰਤ।੯੪।

ਲੈ ਜਾਣ ਵਾਲਾ। ਰਚਨੇ ਵਾਲਾ।
ਨਾਮ ਤੋਂ ਰਹਿਤ ਕਾਮਨਾ ਤੋਂ ਰਹਿਤ।੯੫।

੧. ਸੋਈ ਮੁਕੰਦ ਮੁਕਤਿ ਦਾ ਦਾਤਾ॥
੨. ਹ੍ਰਿ= ਲੈ ਜਾਣ ਵਾਲਾ। ਹਰਿ= ਲੈ ਜਾਣ ਵਾਲਾ। ਪਾਪ ਕਰਨ ਵਾਲਾ ਆਦਿ।

 www.sikhbookclub.com

ਭੁਜੰਗ ਪ੍ਰਯਾਤ ਛੰਦ॥

ਚੱਤ੍ਰ ਚੱਕ੍ਰ[1] ਕਰਤਾ॥ ਚੱਤ੍ਰ ਚੱਕ੍ਰ ਹਰਤਾ॥
ਚੱਤ੍ਰ ਚੱਕ੍ਰ ਦਾਨੇ॥ ਚੱਤ੍ਰ ਚੱਕ੍ਰ ਜਾਨੇ॥੯੬॥

ਚੱਤ੍ਰ ਚੱਕ੍ਰ ਵਰਤੀ॥ ਚੱਤ੍ਰ ਚੱਕ੍ਰ ਭਰਤੀ[2]॥
ਚੱਤ੍ਰ ਚੱਕ੍ਰ ਪਾਲੇ॥ ਚੱਤ੍ਰ ਚੱਕ੍ਰ ਕਾਲੇ॥੯੭॥

ਨਾਮ ਛੰਦ।

ਚਹੁੰ ਦਿਸ਼ਾਂ (ਦਾ) ਰਚਨਹਾਰਾ। ਚਹੁੰ ਦਿਸ਼ਾਂ ਦਾ ਲੈ ਕਰਨੇ ਵਾਲਾ।
ਚਹੁੰ ਦਿਸ਼ਾਂ ਦਾ ਦਾਨ ਦੇਣ ਵਾਲਾ। ਚਹੁੰ ਦਿਸ਼ਾਂ ਦੇ ਜਾਨਣੇ ਵਾਲਾ। ੯੬।

ਚਹੁੰ ਦਿਸ਼ਾਂ ਵਿਚ ਵਰਤਣ ਵਾਲਾ। ਚਹੁੰ ਦਿਸ਼ਾਂ ਦਾ ਭਰਨ ਵਾਲਾ।
ਚਹੁੰ ਦਿਸ਼ਾਂ ਦੇ ਪਾਲਣ ਵਾਲੇ! ਚਹੁੰ ਦਿਸ਼ਾਂ ਦਾ ਕਾਲ ਕਰਨ ਵਾਲੇ! ੯੭।

੧. ਚੱਤ੍ਰ=ਚਾਰ। ਚੱਕ੍ਰ=ਇਲਾਕਾ, ਸਲਤਨਤ। ਚੱਤ੍ਰ ਚੱਕ੍ਰ=ਵਿਸ਼੍ਵ, ਸਾਰਾ ਸੰਸਾਰ।
੨. ਆਸਰਾ, ਆਧਾਰ।


www.sikhbookclub.com

**ਚੱਤ੍ਰ ਚੱਕ੍ਰ ਪਾਸੇ[੧]॥ ਚੱਤ੍ਰ ਚੱਕ੍ਰ ਵਾਸੇ॥**
**ਚੱਤ੍ਰ ਚੱਕ੍ਰ ਮਾਨਯੈ॥ ਚੱਤ੍ਰ ਚੱਕ੍ਰ ਦਾਨਯੈ॥੯੮॥**

ਚਹੁੰ ਦਿਸ਼ਾਂ ਨੂੰ ਘੇਰਿਆ ਹੈ ਜਿਸਨੇ। ਚਹੁੰ ਦਿਸ਼ਾਂ ਵਿਚ ਵੱਸਦਾ ਹੈ (ਜੋ)।
ਚਹੁੰ ਦਿਸ਼ਾਂ ਵਿਚ ਮਾਨ ਪਾਉਂਦਾ ਹੈ। ਚਹੁੰ ਦਿਸ਼ਾਂ ਨੂੰ ਦਾਤਾਂ ਦਿੰਦਾ ਹੈ।੯੮।

੧. ਅਥਵਾ ਚਹੁੰ ਚੱਕਾਂ ਤੋਂ ਪਾਸੇ=ਲਾਂਭੇ ਹੈ। ਚਾਰੇ ਚੱਕ ਦੇਸ਼ ਕਾਲ ਵਿਚ ਹਨ,
ਪਰ ਉਹ ਦੇਸ਼ ਕਾਲ ਵਿਚ ਨਹੀਂ। (ਪਾਸ਼=ਫਾਹੀ, ਸੰਗਲ। ਜਿਸਨੇ ਫਾਹਿਆ ਯਾ ਘੇਰਿਆ ਹੈ ਦਿਸ਼ਾ ਨੂੰ)।


www.sikhbookclub.com

ਚਾਚਰੀ ਛੰਦ॥

ਨ ਸੱਤ੍ਰੈ॥ ਨ ਮਿੱਤ੍ਰੈ॥
ਨ ਭਰਮੰ॥ ਨ ਭਿੱਤ੍ਰੈ[1]॥੯੯॥

ਨ ਕਰਮੰ॥ ਨ ਕਾਏ॥
ਅਜਨਮੰ॥ ਅਜਾਏ[2]॥੧੦੦॥

ਨਾਮ ਛੰਦ।
(ਉਸਦਾ) ਨਹੀਂ ਹੈ ਵੈਰੀ। ਨਹੀਂ ਹੈ ਮਿੱਤ੍ਰ (ਉਸਦਾ)।
ਨਹੀਂ ਹੈ ਭਰਮ (ਜਿਸਨੂੰ)। ਨਹੀਂ ਹੈ ਭੈ ਕਿਸੇ ਦਾ।੯੯।

ਕਰਮਾਂ ਤੋਂ ਰਹਿਤ ਹੈ। ਨਹੀਂ ਹੈ ਸਰੀਰ (ਜਿਸਦਾ)।
ਜਨਮ ਤੋਂ ਰਹਿਤ ਹੈ। ਉਲਾਦ ਤੋਂ ਰਹਿਤ ਹੈ!੧੦੦।

੧. ਭੈ। ਇਤਰ=ਦੂਸਰੇ ਦਾ। ਭਯ+ਆਤੁਰ ਯਾ ਆਰਤ=ਡਰਿਆ ਹੋਇਆ।
੨. ਜਾਏ=ਉਲਾਦ ਯਥਾ 'ਜਾਏ ਅਪਨੇ ਖਾਏ' (ਆਦਿ ਗੁਰੂ ਗ੍ਰੰਥ)
ਅਥਵਾ ਜਾਯਾ=ਇਸਤ੍ਰੀ ਰਹਿਤ। ਵਾ ਜਗਾ ਰਹਿਤ। (ਜਾਯ=ਜਗਾ, ਫਾਰਸੀ)।

 www.sikhbookclub.com

**ਨ ਚਿਤ੍ਰੈ॥ ਨ ਮਿਤ੍ਰੈ॥**
**ਪਰੇ ਹੈ॥ ਪਵਿੱਤ੍ਰੈ॥੧੦੧॥**

**ਪ੍ਰਿਥੀਸੈ॥ ਅਦੀਸੈ॥**
**ਅਦ੍ਰਿਸੈ॥ ਅਕ੍ਰਿਸੈ[1]॥੧੦੨॥**

ਨਹੀਂ ਹੈ ਚਿੰਨ੍ਹ ਯਾ ਮੂਰਤੀ (ਜਿਸਦੀ)। ਨਹੀਂ ਹੈ ਮਿੱਤ੍ਰ (ਜਿਸਦਾ)।
ਦੂਰ ਹੈ (ਸਭ ਤੋਂ)। (ਜੋ) ਪਵਿੱਤ੍ਰ ਹੈ।੧੦੧।

ਧਰਤੀ ਦਾ ਮਾਲਕ ਹੈ। ਆਦਿ ਈਸ਼੍ਵਰ ਹੈ।
ਦਿੱਸਣ ਤੋਂ ਪਰੇ ਹੈ। ਲਿੱਸਾ ਯਾ ਨਿਤਾਣਾ ਨਹੀਂ।੧੦੨।

੧. ਭਾਵ ਬਲਵਾਨ ਹੈ।


www.sikhbookclub.com

ਭਗਵਤੀ ਛੰਦ॥ ਤ੍ਵਪ੍ਰਸਾਦਿ ਕਥਤੇ॥

ਕਿ ਆਛਿੱਜ ਦੇਸੈ[੧]॥ ਕਿ ਆਭਿੱਜ ਭੇਸੈ[੨]॥
ਕਿ ਆਰੀਂਜ ਕਰਮੈ[੩]॥ ਕਿ ਆਭੰਜ ਭਰਮੈ[੪]॥੧੦੩॥

ਕਿ ਆਭਿਜ ਲੋਕੈ[੫]॥ ਕਿ ਆਦਿਤ ਸੋਕੈ॥
ਕਿ ਅਵਧੂਤ ਬਰਨੈਂ[੬]॥ ਕਿ ਬਿਭੂਤ ਕਰਨੈ[੭]॥੧੦੪॥

ਨਾਮ ਛੰਦ ਦਾ। ਤੇਰੀ ਕ੍ਰਿਪਾ ਨਾਲ ਕਿਹਾ ਜਾਂਦਾ ਹੈ।
ਨਾ ਤੁੱਟਣ ਵਾਲਾ ਹੈ ਦੇਸ (ਉਸਦਾ)। ਨਾ ਟੁੱਟਣ ਵਾਲਾ ਹੈ ਸਰੂਪ ਜਿਸਦਾ
ਕਿ ਨਾਸ਼ ਤੋਂ ਰਹਿਤ ਹੈ ਕਰਮ (ਜਿਸਦਾ)। ਕਿ ਨਹੀਂ ਟੁੱਟਦਾ ਭਰਮ ਕਰਕੇ।੧੦੩।

ਕਿ ਉਸਦਾ ਲੋਕ ਅਟੁੱਟ ਹੈ। ਕਿ ਸੂਰਜ ਨੂੰ (ਬੀ) ਸੁਕਾਉਣ (ਲੈ ਕਰਨ) ਵਾਲਾ ਹੈ।
ਜੋ ਸ਼ੁਧ ਰੰਗ ਵਾਲਾ ਹੈ। ਕਿ ਰਿਧੀਆਂ ਸਿਧੀਆਂ ਦਾ ਕਰਨ ਹਾਰ ਹੈ।੧੦੪।

੧. ਸਦਾ ਅਟੱਲ। ੨. ਭਿਦਜ=ਟੁਟਣਾ। ਅਥਵਾ, ਭੇਖਾਂ ਵਿਚ ਤੂੰ ਨਹੀਂ ਭਿੱਜਦਾ। ਵਾ ਭੇਖਾਂ ਨੂੰ ਤੂੰ ਵਿਸ਼ੇਸ਼ ਕਰਕੇ ਭਿੱਦ=ਭੰਨਣ ਵਾਲਾ ਹੈਂ। ੩. ਅਥਵਾ ਵਿਸ਼ੇਸ਼ ਕਰਕੇ ਖਜ਼ਾਨਾ ਹੈ ਕਰਮ ਦਾ। (ਫਾ: ਤੇ ਸੰਸ:, ਰੀਂਜ=ਖਜ਼ਾਨਾ)।
੪. ਕਿ ਭਰਮ ਨੂੰ ਵਿਸ਼ੇਸ਼ ਕਰਕੇ ਤੋੜਦਾ ਹੈ। ੫. ਅਥਵਾ, ਲੋਕਾਂ ਨਾਲ ਭਿੱਜਦਾ ਨਹੀਂ।
੬. ਸ਼ੁਧ (ਲੋਕ ਤੈਨੂੰ) ਵਰਣਨ ਕਰਦੇ ਹਨ। ੭. ਵਾ, ਬਲ, ਐਸ਼੍ਵਰਜ ਦਾ ਕਰਨੇ ਵਾਲਾ ਹੈ।


www.sikhbookclub.com

ਕਿ ਰਾਜੰ[1] ਪ੍ਰਭਾ ਹੈਂ॥ ਕਿ ਧਰਮੰ ਧੁਜਾ ਹੈਂ॥
ਕਿ ਆਸੋਕ ਬਰਨੈਂ[2]॥ ਕਿ ਸਰਬਾ ਅਭਰਨੈਂ ॥੧੦੫॥

ਕਿ ਜਗਤੰ ਕ੍ਰਿਤੀ ਹੈਂ॥ ਕਿ ਛਤ੍ਰੰ ਛਤ੍ਰੀ ਹੈਂ[3]॥
ਕਿ ਬ੍ਰਹਮੰ ਸਰੂਪੈ[4]॥ ਕਿ ਅਨਭਉ[5] ਅਨੂਪੈ ॥੧੦੬॥

ਕਿ (ਆਪਦੀ) ਆਭਾ ਪ੍ਰਕਾਸ਼ ਰੂਪ ਹੈ ਕਿ ਧਰਮ ਦਾ ਝੰਡਾ ਰੂਪ ਹਨ (ਆਪ)।
ਜਿਸਦਾ ਸ਼ੋਕ ਤੋਂ ਰਹਿਤ ਸਰੂਪ (ਹੈ)। ਜੋ ਸਭ ਦਾ ਗਹਿਣਾ (ਸ਼ੋਭਾ) ਹੈ।੧੦੫।

ਕਿ ਸੰਸਾਰ ਦਾ ਰਚਨ ਵਾਲਾ ਹੈਂ। ਕਿ ਰਖਜਕਾਂ ਦਾ ਰਖਜਕ ਹੈਂ।
ਕਿ ਬ੍ਰਹਮ ਸਰੂਪ ਹੈਂ। ਕਿ ਗਿਆਨ ਅਚਰਜ ਹੈ (ਜਿਸਦਾ)।੧੦੬।

੧. ਵਾ, ਐਸ਼ਰਜ ਵਾਨ ਹੈ ਦੀਪਤੀ (ਆਪ ਦੀ)। ੨. ਬਰਨੈ=ਕਹੀਦਾ ਹੈ।
੩. ਭਾਵ, ਸਭ ਤੋਂ ਵਡਾ ਰਖਜਕ। ਵਾ, ਛਤ੍ਰ ਧਾਰੀਆਂ ਦਾ ਛਤਰ ਧਾਰੀ। ਵਾ, ਬੀਰਾਂ ਦਾ ਬੀਰ।
੪. ਬ੍ਰਹਮ=ਅਕਾਲ ਪੁਰਖ, ਪ੍ਰਮਾਤਮਾ। ੫. ਵਾ, ਅਨ+ਭਉ=ਭੈ ਰਹਿਤ।

 www.sikhbookclub.com

**ਕਿ ਆਦਿ ਅਦੇਵ ਹੈਂ[1]॥ ਕਿ ਆਪਿ ਅਭੇਵ ਹੈਂ॥**
**ਕਿ ਚਿੱਤ੍ਰੰ ਬਿਹੀਨੈ॥ ਕਿ ਏਕੈ ਅਧੀਨੈ ॥੧੦੭॥**

**ਕਿ ਰੋਜ਼ੀ ਰਜ਼ਾਕੈ[2]॥ ਰਹੀਮੈ ਰਿਹਾਕੈ[3]॥**
**ਕਿ ਪਾਕ ਬਿਐਬ ਹੈਂ॥ ਕਿ ਗੈਬੁਲ ਗ਼ੈਬ[4] ਹੈਂ॥੧੦੮॥**

(ਜੋ) ਆਦਿ ਤੋਂ ਹੈ (ਤੇ ਜਿਸ ਤੋਂ ਉੱਪਰ ਹੋਰ) ਕੋਈ ਦੇਵਤਾ ਨਹੀਂ ਹੈ।
(ਉਹ ਆਪ ਭੇਦ ਤੋਂ ਰਹਿਤ ਹੈ। ਕਿ ਨਕਸ਼ ਤੋਂ ਰਹਿਤ ਹੈ।
ਕਿ ਇਕ ਹੈ (ਅਰ ਸਭ ਉਸਦੇ) ਅਧੀਨ ਹਨ।੧੦੭।

ਕਿ ਉਪਜੀਵਕਾ ਬਖਸ਼ਣੇ ਵਾਲਾ ਹੈਂ। ਦਿਆਲ ਹੈਂ ਸਦਾ ਜਾਨ ਹੈਂ।
ਕਿ ਪਵਿੱਤ੍ਰ ਤੇ ਦੁਸ਼ਣਾਂ ਤੋਂ ਰਹਿਤ ਹੈਂ। ਕਿ ਉਹਲੇ ਤੋਂ ਉਹਲੇ ਹੈਂ।੧੦੮।

੧. ਫਾ. ਦੇਵ=ਰਾਖਸ਼। ਅ+ਦੇਵ= ਜੋ ਰਾਖਸ਼ ਨਾ ਹੋਵੇ, ਦੇਵਤਾ ਭਾਵ ਤੇਜ ਸਰੂਪ।
੨. ਰਜ਼ਾਕ=ਰੋਜ਼ੀ ਦੇਣ ਵਾਲਾ, ਫਾਰਸੀ। ੩. ਅਰਬੀ, ਰਹਾਕ=ਚੜ੍ਹਦੀ ਜੁਆਨੀ। ੪. ਭਾਵ ਪਰੇ ਤੋਂ ਪਰੇ ਹੈ।


www.sikhbookclub.com

ਕਿ ਅਫਵੂਲ ਗੁਨਾਹ ਹੈਂ॥ ਕਿ ਸ਼ਾਹਾਨ ਸ਼ਾਹ ਹੈਂ॥
ਕਿ ਕਾਰਨ ਕੁਨਿੰਦ ਹੈਂ॥ ਕਿ ਰੋਜ਼ੀ ਦਿਹੰਦ ਹੈਂ॥੧੦੯॥

ਕਿ ਰਾਜ਼ਕ ਰਹੀਮ ਹੈਂ॥ ਕਿ ਕਰਮੰ ਕਰੀਮ ਹੈਂ॥
ਕਿ ਸਰਬੰ ਕਲੀ ਹੈਂ॥ ਕਿ ਸਰਬੰ ਦਲੀ[1] ਹੈਂ॥੧੧੦॥

ਕਿ ਬਖਸ਼ਣੇ ਵਾਲਾ ਹੈਂ ਪਾਪਾਂ ਦਾ। ਕਿ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ
ਜੋ ਸਭ ਕਾਰਜਾਂ ਦੇ ਕਰਨੇ ਵਾਲਾ ਹੈਂ। ਜੋ ਉਪਜੀਵਕਾ ਦੇਣੇ ਵਾਲਾ ਹੈਂ।੧੦੯।

ਕਿ ਰੋਜ਼ੀ ਦੇਣ ਵਾਲਾ ਤੇ ਦਜਾਲੂ ਹੈਂ। ਜੋ ਬਖਸ਼ਸ਼ਾਂ ਕਰਨ ਵਾਲਾ ਬਖਸ਼ਿੰਦ ਹੈਂ।
ਜੋ ਸੰਪੂਰਨ ਕਲਾਵਾਨ ਹੈਂ। ਸਭ ਦਾ ਸੰਘਾਰ ਕਰਤਾ ਹੈਂ।੧੧੦।

੧. ਦਲਨੇ ਵਾਲਾ।


www.sikhbookclub.com

ਕਿ ਸਰਬੱਤ੍ਰ[1] ਮਾਨਿਯੈਂ॥ ਕਿ ਸਰਬੱਤ੍ਰ ਦਾਨਿਯੈਂ॥
ਕਿ ਸਰਬੱਤ੍ਰ ਗਉਨੈ॥ ਕਿ ਸਰਬੱਤ੍ਰ ਭਉਨੈ[2]॥੧੧੧॥

ਕਿ ਸਰਬੱਤ੍ਰ ਦੇਸੈ[3]॥ ਕਿ ਸਰਬੱਤ੍ਰ ਭੇਸੈ॥
ਕਿ ਸਰਬੱਤ੍ਰ ਰਾਜੈ॥ ਕਿ ਸਰਬੱਤ੍ਰ ਸਾਜੈ॥੧੧੨॥

ਕਿ ਸਭ ਥਾਂ ਵਡਿਆਈ ਵਾਲਾ ਹੈਂ। ਕਿ ਸਭ ਥਾਂ ਦਾਨ ਦੇਣੇ ਵਾਲਾ ਹੈਂ।
ਕਿ ਸਭ ਥਾਂ ਗਤੀ ਰਖਣ ਵਾਲਾ ਹੈਂ। ਕਿ ਸਭ ਥਾਂਵਾ (ਉਸਦਾ) ਘਰ ਹਨ।੧੧੧।

ਕਿ ਸਭ ਥਾਂ ਦੇਸ਼ ਹੈ (ਜਿਸਦਾ)। ਕਿ ਸਭ ਥਾਂ ਹੈ ਰੂਪ (ਜਿਸਦਾ)।
ਕਿ ਸਭ ਥਾਂ ਹੀ ਪ੍ਰਕਾਸ਼ ਰਿਹਾ ਹੈ। ਕਿ ਸਭ ਥਾਈਂ ਰਚਨਹਾਰਾ ਹੈ।੧੧੨।

੧. ਸੰਸ:, ਸਰਵ੍ਰਤ੍ਰ=ਸਭ ਥਾਂ। ੨. ਭਾਵ, ਵਜਾਪਕ ਹੈ। ੩. ਭਾਵ ਸਰਬ ਬਜਾਪੀ।


www.sikhbookclub.com

ਕਿ ਸਰਬੱਤ੍ਰ ਦੀਨੈ[੧]॥ ਕਿ ਸਰਬੱਤ੍ਰ ਲੀਨੈ[੨]॥
ਕਿ ਸਰਬੱਤ੍ਰ ਜਾਹੋ[੩]॥ ਕਿ ਸਰਬੱਤ੍ਰ ਭਾਹੋ[੪]॥੧੧੩॥

ਕਿ ਸਰਬੱਤ੍ਰ ਦੇਸੈ॥ ਕਿ ਸਰਬੱਤ੍ਰ ਭੇਸੈ॥
ਕਿ ਸਰਬੱਤ੍ਰ ਕਾਲੈ॥ ਕਿ ਸਰਬੱਤ੍ਰ ਪਾਲੈ॥੧੧੪॥

ਕਿ ਸਭ ਥਾਂ ਧਰਮ ਰੂਪ ਹੈ। ਕਿ ਸਭ ਥਾਈਂ ਲੀਨ ਹੈ।
ਕਿ ਸਭ ਥਾਂ ਮਹੱਤਤਾ (ਆਪਦੀ ਹੈ) ਕਿ (ਆਪ) ਸਭ ਥਾਂ ਪ੍ਰਕਾਸ਼-ਮਾਨ ਹੋ।੧੧੩।

ਕਿ ਸਭ ਥਾਂ (ਉਸਦਾ) ਦੇਸ਼ ਹੈ। ਕਿ ਸਭ ਥਾਂ ਉਸਦਾ ਰੂਪ ਹੈ।
ਕਿ ਸਭ ਥਾਂ ਕਾਲ (ਰੂਪ ਹੈ ਉਹ)। ਕਿ ਸਭ ਥਾਈਂ ਪਾਲਨੇ ਵਾਲਾ (ਹੈ ਉਹ)।੧੧੪।

੧. ਦੀਨ ਫਾਰਸੀ ਵਿਖੇ 'ਧਰਮ' ਨੂੰ ਕਹਿੰਦੇ ਹਨ। ੨. ਭਾਵ, ਵਯਾਪਕ।
੩. ਫਾਰਸੀ, ਜਾਹ=ਰੁਤਬਾ। ਵਾ, ਜਾ+ਹੋ=ਜਗਾ ਹੋ। ੪. ਵਾ, ਸੋਭਾਵਾਨ ਹੈ।


www.sikhbookclub.com

ਕਿ ਸਰਬੱਤ੍ਰ ਹੰਤਾ॥ ਕਿ ਸਰਬੱਤ੍ਰ ਗੀਤਾ॥
ਕਿ ਸਰਬੱਤ੍ਰ ਭੇਖੀ॥ ਕਿ ਸਰਬੱਤ੍ਰ ਪੇਖੀ॥੧੧੫॥

ਕਿ ਸਰਬੱਤ੍ਰ ਕਾਜੈ[੧]॥ ਕਿ ਸਰਬੱਤ੍ਰ ਰਾਜੈ॥
ਕਿ ਸਰਬੱਤ੍ਰ ਸੋਖੈ[੨]॥ ਕਿ ਸਰਬੱਤ੍ਰ ਪੋਖੈ॥੧੧੬॥

ਕਿ ਸਭ ਥਾਈਂ ਸੰਘਾਰ ਕਰਨ ਵਾਲਾ ਹੈ। ਕਿ ਸਭ ਥਾਈਂ ਜਾਣਨਹਾਰ ਹੈ।
ਕਿ ਸਭ ਥਾਈਂ ਸਰੂਪ ਹੈ ਜਿਸਦਾ। ਕਿ ਸਭ ਥਾਈਂ ਦੇਖਣ ਵਾਲਾ ਹੈ।੧੧੫।

ਕਿ ਸਭ ਥਾਈਂ ਕਾਰਜ ਰੂਪ (ਬੀ ਉਹੀਹੈ)। ਕਿ ਸਭ ਥਾਈਂ ਪ੍ਰਕਾਸ਼ਦਾ ਹੈ।
ਕਿ ਸਭ ਥਾਈਂ ਲੈ ਕਰਨ ਵਾਲਾ ਹੈ। ਕਿ ਸਭ ਥਾਈਂ ਪਾਲਨੇ ਵਾਲਾ ਹੈ।੧੧੬।

੧. ਵਾ, ਕਿ ਸਭ ਥਾਈਂ ਕਾਰਜ ਹਨ ਉਸਦੇ। ਵਾ ਕਾਜੈ= ਕਾਜ ਕਰਦਾ ਹੈ, ਕਰਤਾ ਹੈ। ੨. ਸੁਕਾਉਣ ਵਾਲਾ।

 www.sikhbookclub.com

ਕਿ ਸਰਬੱਤ੍ਰ ਤ੍ਰਾਣੈ॥ ਕਿ ਸਰਬੱਤ੍ਰ ਪ੍ਰਾਣੈ॥
ਕਿ ਸਰਬੱਤ੍ਰ ਦੇਸੈ[੧]॥ ਕਿ ਸਰਬੱਤ੍ਰ ਭੇਸੈ[੨]॥੧੧੭॥

ਕਿ ਸਰਬੱਤ੍ਰ ਮਾਨਿਯੈਂ॥ ਸਦੈਵੰ ਪ੍ਰਧਾਨਿਯੈਂ[੩]॥
ਕਿ ਸਰਬੱਤ੍ਰ ਜਾਪਿਯੈ[੪]॥ ਕਿ ਸਰਬੱਤ੍ਰ ਥਾਪਿਯੈ॥੧੧੮॥

ਕਿ ਸਭ ਥਾਈਂ ਰੱਖਜਕ ਹੈ। ਕਿ ਸਭ ਥਾਈਂ ਜੀਵਨ (ਦਾ ਮੂਲ) ਹੈ।
ਕਿ ਸਭ ਥਾਂ ਦੇਸ਼ ਹੈ (ਉਸਦਾ)। ਕਿ ਸਭ ਥਾਂ ਵਿਖੇ (ਉਸੇ ਦਾ) ਰੂਪ ਹੈ।੧੧੭।

ਕਿ ਸਭ ਥਾਂ ਵਿਖੇ ਵਡਿਆਈ ਵਾਲਾ ਹੈਂ। ਸਦਾ ਹੀ ਮੁਖੀ ਹੈਂ।
ਕਿ ਸਭ ਥਾਂ ਵਿਖੇ ਜਪਿਆ ਜਾਂਦਾ ਹੈਂ। ਕਿ ਸਭ ਥਾਂ ਵਿਖੇ ਇਸਥਿਤ ਹੈਂ।੧੧੮।

੧. ਵਿਆਪਕ ਹੈ। ੨. ਸਭ ਸ੍ਰਿਸ਼ਟੀ ਉਸਦਾ ਭੇਸ ਹੈ।
੩. ਮੁੱਖ, ਵਡਾ, ਸਿਰਕਰਦਾ। ੪. ਵਾ ਜਾਪਦਾ ਹੈ, ਪ੍ਰਕਾਸ਼-ਦਾ ਹੈ।


www.sikhbookclub.com

ਕਿ ਸਰਬੱਤ੍ਰ ਭਾਨੈ॥ ਕਿ ਸਰਬੱਤ੍ਰ ਮਾਨੈ॥
ਕਿ ਸਰਬੱਤ੍ਰ ਇੰਦ੍ਰੈ[1]॥ ਕਿ ਸਰਬੱਤ੍ਰ ਚੰਦ੍ਰੈ॥੧੧੯॥

ਕਿ ਸਰਬੰ ਕਲੀਮੈ[2]॥ ਕਿ ਪਰਮੰ ਫ਼ਹੀਮੈ[3]੫॥
ਕਿ ਆਕਲ ਅਲਾਮੈ[4]॥ ਕਿ ਸਾਹਿਬ ਕਲਾਮੈ॥੧੨੦॥

ਕਿ ਸਭ ਥਾਂ ਵਿਖੇ ਪ੍ਰਕਾਸ਼ਮਾਨ ਹੈ। ਕਿ ਸਭ ਥਾਂ ਵਿਖੇ ਵਡਿਆਈ ਵਾਲਾ ਹੈ।
ਕਿ ਸਭ ਥਾਂ ਵਿਖੇ ਪ੍ਰਤਾਪਵਾਨ ਹੈ। ਕਿ ਸਭ ਥਾਂ ਚਮਕਣੇ ਵਾਲਾ ਹੈ।੧੧੯।

ਕਿ ਸਰਬ (ਗਿਆਨ ਦਾ) ਬੋਲਨ ਵਾਲਾਹੈਂ। ਕਿ ਪਰਮ ਸਮਝ ਵਾਲਾ ਹੈਂ।
ਕਿ ਬੁਧਿਮਾਨ ਤੇ ਪਰਮ ਵਿਦਵਾਨ ਹੈਂ। ਕਿ ਮਾਲਕ ਹੈਂ ਬਾਣੀ ਦਾ।੧੨੦।

੧. ਵਾ, ਸ੍ਵਾਮੀ ਹੈ। ੨. ਅਰ:, ਕਲੀਮ=ਬੋਲਣ ਵਾਲਾ। ਭਾਵ ਬਾਣੀ ਦਾ ਸ੍ਵਾਮੀ।
੩. ਅਰ:, ਫ਼ਹੀਮ=ਬੁੱਧੀ ਵਾਲਾ।
੪. ਅਰ:, ਆਕਲ=ਅਕਲ ਵਾਲਾ। ਅੱਲਾਮ=ਬਹੁਤ ਦਾਨਾ, ਇਹ ਰੱਬ ਦੀ ਸਿਫ਼ਤ ਵਿਚ ਵਰਤਦੇ ਹਨ।


www.sikhbookclub.com

**ਕਿ ਹੁਸਨਲ ਵਜੂ[੧] ਹੈਂ॥ ਤਮਾਮੁਲ ਰੁਜੂ[੨] ਹੈਂ॥**
**ਹਮੇਸੁਲ ਸਲਾਮੈਂ[੩]॥ ਸਲੀਖਤ[੪] ਮੁਦਾਮੈਂ॥੧੨੧॥**

**ਗ਼ਨੀਮੁਲ[੫] ਸ਼ਿਕਸਤੈ॥ ਗਰੀਬੁਲ ਪਰਸਤੈ[੬]॥**
**ਬਿਲੰਦੁਲ ਮਕਾਨੈਂ॥ ਜ਼ਿਮੀਨੁਲ ਜ਼ਮਾਨੈਂ[੭]॥੧੨੨॥**

ਕਿ ਸੁੰਦਰ ਚਿਹਰੇ (ਸਰੂਪ) ਵਾਲਾ ਹੈਂ। ਸਭ ਵਲ ਤੇਰੀ ਤਵਜੋ ਹੈ।
ਸਦੀਵ ਸਲਾਮਤ ਹੈਂ। ਸ੍ਰਿਸ਼ਟੀ ਜਿਸਦੀ ਸਦਾ ਦ੍ਰਿੜ ਹੈ।੧੨੧।

ਵੈਰੀਆਂ ਨੂੰ ਹਾਰ ਦੇਣ ਵਾਲਾ ਹੈਂ। ਗਰੀਬਾਂ ਨੂੰ ਨਿਵਾਜਣ ਵਾਲਾ ਹੈਂ।
ਉੱਚੇ ਟਿਕਾਣੇ ਵਾਲਾ ਹੈਂ। ਧਰਤੀ ਤੇ ਅਕਾਸ਼ ਵਿਚ (ਪੂਰਨ) ਹੈਂ।੧੨੨।

੧. ਅਰਬੀ, ਵਜਹ=ਚਿਹਰਾ। ੨. ਅਰਬੀ, ਰਜੂਅ=ਤਵੱਜਾ ਕਰਨੀ। ਭਾਵ ਦਇਆ।
੩. ਸਲਾਮਤ ਰਹਿਣਾ, ਖਯ ਨਾ ਹੋਣਾ। ਤੂ ਸਦਾ ਸਲਾਮਤਿ ਨਿਰੰਕਾਰ॥ (ਜਪੁਜੀ)।
੪. ਵਾ ਸੰਤਾਨ। ਅ:ਪਦ ਸਲੀਕਾ=ਸ਼ਊਰ ਤੋਂ ਜੇ ਸਲੀਕਤ ਇਸਦਾ ਮਲ ਹੋਵੇ ਤਾਂ ਅਰਥ ਹੋਊ ਸਦੈਵ ਸਰਬ ਗਜਾਨੀ ਹੈ।
੫. ਅ:, ਗ਼ਨੀਮ=ਵੈਰੀ, ਲੁਟੇਰਾ। ੬. ਵਾ, ਪਾਲਨ ਵਾਲਾ। ੭. ਅਰਬੀ, ਜ਼ਮਾਨ=ਸਮਾ, ਆਕਾਸ਼।

**ਤਮੀਜ਼ੁਲ[੧] ਤਮਾਮੈਂ॥ ਰੁਜੂਅਲ[੨] ਨਿਧਾਨੈਂ॥**
**ਹਰੀਫੁਲ[੩] ਅਜੀਮੈਂ॥ ਰਜ਼ਾਇਕ ਯਕੀਨੈਂ॥੧੨੩॥**

**ਅਨੇਕੁਲ[੪] ਤਰੰਗ ਹੈਂ॥ ਅਭੇਦ ਹੈਂ ਅਭੰਗ ਹੈਂ॥**
**ਅਜ਼ੀਜ਼ੁਲ ਨਿਵਾਜ਼ ਹੈਂ॥ ਗ਼ਨੀਮੁਲ ਖ਼ਿਰਾਜ[੫] ਹੈਂ॥੧੨੪॥**

ਸੰਪੂਰਨ ਵਿਵੇਕ ਹੈਂ। (ਸਾਰੀਆਂ) ਨਿਧੀਆਂ ਦੀ ਟੇਕ ਹੈਂ ਵੱਡਾ ਮਿਤ੍ਰ ਹੈਂ।
ਰਿਜ਼ਕ ਦੇਣ ਵਾਲਾ ਨਿਸ਼ਚੇ ਕਰਕੇ ਹੈਂ।੧੨੩।

ਬੇਅੰਤ ਲਹਿਰਾਂ ਵਾਲਾ ਹੈਂ। ਫਰਕ ਤੋਂ ਰਹਿਤ ਹੈਂ ਟੁੱਟਦਾ ਨਹੀਂ।
ਪਿਆਰਿਆਂ ਨੂੰ ਵਡਿਆਈ ਦੇਣ ਵਾਲਾ ਹੈਂ। ਵੈਰੀਆਂ ਨੂੰ ਦੂਰ ਕਰਨ ਵਾਲਾ ਹੈਂ।੧੨੪।

੧. ਅਰਬੀ, ਤਮੀਜ਼ ਵਿਤ੍ਰੇਕ ਬੁਧੀ ਯਾ ਬਿਬੇਕ। ੨. ਜਿਸ ਵਿਚ ਸਭ ਮੁੜ ਆਕੇ ਰਹਿੰਦੇ ਹਨ ਓਟ। ਅਥਵਾ, (ਸਭੇ ਤੇਰੀ) ਤਵਜੋ ਦਾ ਪਾਤ੍ਰ ਹਨ। ਅੰਕ ੧੨੧। ੩. ਅ:, ਹਰੀਫ=ਮਿਤ੍ਰ। ਵੈਰੀ। ੪. ਯਥਾ 'ਨਾਨਾ ਰੂਪੁ ਧਰੇ ਬਹੁ ਰੰਗੀ। ੫. ਅਰ:, ਬੀ ਧਾਤ-ਖ਼ਰਜ ਤੋਂ ਕੱਢਣਾ।

 www.sikhbookclub.com

ਨਿਰੁਕਤ ਸਰੂਪ ਹੈਂ॥ ਤ੍ਰਿਮੁਕਤਿ[1] ਬਿਭੂਤ ਹੈਂ[2]॥
ਪ੍ਰਭੁਗਤਿ[3] ਪ੍ਰਭਾ ਹੈਂ॥ ਸੁ ਜੁਗਤਿ ਸੁਧਾ ਹੈਂ[4]॥੧੨੫॥

ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥
ਸਮਸਤੋ ਪਰਾਜ[5] ਹੈਂ॥ ਸਦਾ ਸਰਬ ਸਾਜ ਹੈਂ ॥੧੨੬॥

ਕਥਨ ਤੋਂ ਬਾਹਰ ਰੂਪ ਵਾਲਾ ਹੈਂ। ਉਸਦੀ ਵਿਭੂਤੀ (ਸ਼ਕਤੀ) ਤਿੰਨਾਂ (ਧਾਰਨਾ ਧਜਾਨ ਸਮਾਧੀ) ਤੋਂ ਸੁਤੰਤ੍ਰ ਹੈਂ। ਪ੍ਰਭਾ (ਸੁੰਦਰਤਾ) ਨੂੰ ਭੋਗਣ ਵਾਲਾ ਹੈਂ। ਨਿਰਾ ਨਿਰੁੱਧ ਸਰੂਪ ਹੈਂ।੧੨੫।

ਨਿੱਤ ਸਰੂਪ ਹੈ ਉਸਦਾ। ਭੇਦ ਤੋਂ ਰਹਿਤ ਤੇ ਉਪਮਾਂ ਤੋਂ ਪਰੇ ਹੈਂ।
ਪ੍ਰਕਾਸ਼ (ਉਸਦਾ) ਬੀ ਸਭ ਤੋਂ ਉੱਚਾ ਹੈਂ। ਸਦੀਵ ਸਭ ਨੂੰ ਸਾਜਣ ਵਾਲਾ ਹੈਂ।੧੨੬।

੧. ਤਿੰਨ ਕਾਲ, ਯਾ ਤਿੰਨ ਗੁਣਾਂ ਤੋਂ ਸੁਤੰਤ੍ਰ ਅਥਵਾ ਤਿੰਨਾਂ (ਲੋਕਾਂ ਦੀ) ਵਿਭੂਤੀ ਤੋਂ ਪਰੇ ਹੈਂ।
੨. ਯੋਗੀ ਦੀ ਤਾਕਤ ਧਾਰਨਾ ਧਜਾਨ ਸਮਾਧੀ ਨੂੰ ਇਕ ਕਰਨ ਤੋਂ ਉਪਜਦੀ ਹੈ, ਰਬ ਦੀ ਸ਼ਕਤੀ ਸੁਤੇ ਹੀ ਹੈ।
੩. ਪ੍ਰਭੁਕ ਉਪਭੁਤ=ਜਿਸਨੂੰ ਭੋਗਿਆ ਗਿਆ ਹੋਵੇ। ੪. ਸੁਯੁਕਤ=ਭਲੀ ਪ੍ਰਕਾਰ ਜੁੜਿਆ ਹੋਇਆ, ਨਿਰੁੱਧ। ਸੁਧਾ=ਬਿਲਕੁਲ, ਮੂਲੋਂ। (ੳ) ਸਦਾ ਜੁੜਿਆ ਹੈਂ ਤੇ ਅੰਮ੍ਰਿਤ ਰੂਪ ਹੈਂ। (ਅ) ਵਾ, ਅੰਮ੍ਰਿਤ ਸਹਤ ਹੋ।
੫. ਵਾ, ਸਮਸਤ ਉਪਰਾਜ ਸਭ ਦਾ ਉਤਪਤ ਕਰਤਾ।


www.sikhbookclub.com

ਸਮਸਤੁਲ ਸਲਾਮ ਹੈਂ[1]॥ ਸਦੈਵਲ ਅਕਾਮ ਹੈਂ॥
ਨ੍ਰਿਬਾਧ ਸਰੂਪ ਹੈਂ॥ ਅਗਾਧ ਹੈ ਅਨੂਪ ਹੈਂ[2]॥੧੨੭॥

ਓਅੰ ਆਦਿ ਰੂਪੈ[3]॥ ਅਨਾਦਿ ਸਰੂਪੈ॥
ਅਨੰਗੀ ਅਨਾਮੇ॥ ਤ੍ਰਿਭੰਗੀ[4] ਤ੍ਰਿਕਾਮੇ॥੧੨੮॥

ਸਦਾ ਹੀ ਸਥਿਰ ਰੂਪ ਹੈਂ। ਸਦਾ ਹੀ ਕਾਮਨਾਂ ਤੋਂ ਰਹਿਤ ਹੈਂ।
ਵਿਨਾਸ਼ ਤੋਂ ਰਹਿਤ ਸਰੂਪ ਹੈ (ਉਸਦਾ)। ਪਹੁੰਚ ਤੋਂ ਪਰੇ (ਤੇ) ਉਪਮਾਂ ਤੋਂ ਪਰੇ ਹੈਂ।੧੨੭।

ਓਅੰ ਉਸਦਾ ਪਹਿਲਾ ਚਿਨ੍ਹ ਹੈ। ਅਰੰਭ ਤੋਂ ਰਹਿਤ ਰੂਪ ਹੈ ਜਿਸਦਾ।
ਸਰੀਰ ਤੋਂ ਰਹਿਤ (ਤੇ) ਨਾਮ ਤੋਂ ਰਹਿਤ।
ਤਿੰਨਾਂ (ਗੁਣਾਂ ਤੇ) ਤਿੰਨਾਂ ਕਾਮਨਾਂ (ਸੁਤ, ਵਿਤ, ਲੋਕ) ਦਾ ਨਾਸ਼ ਕਰਤਾ ਹੈਂ।੧੨੮।

੧. 'ਸਲਾਮ' ਰਬ ਦਾ ਇਕ ਨਾਮ ਹੈ। ਸਲਾਮ ਦਾ ਮੂਲ ਅਰਥ, ਸੁਲਹ, ਸ਼ਾਂਤੀ, ਸਲਾਮਤੀ ਤੇ ਆਸ਼ੀਰਵਾਦ ਹੈ।
੨. ਪਾ:-ਅਗਾਧਿ ਹੈਂ ਅਨੂਪ ਹੈਂ॥ ੩. ਵਾ, ਓਅੰਕਾਰ ਤੋਂ ਬੀ ਪਹਿਲਾਂ ਹੈ ਸਰੂਪ ਜਿਸਦਾ।
੪. ਤ੍ਰੈ ਤਾਪ, ਤ੍ਰੈ ਦੇਵਤੇ, ਤ੍ਰੈ ਗੁਣ ਆਦਿ।


www.sikhbookclub.com

ਤ੍ਰਿਬਰਗੀ ਤ੍ਰਿਬਾਧੇ॥ ਅਗੰਜੇ ਅਗਾਧੇ॥
ਸੁਭੰ ਸਰਬ ਭਾਗੇ[1]॥ ਸੁ ਸਰਬਾ ਅਨੁਰਾਗੇ[2]॥੧੨੯॥

ਤ੍ਰਿਭੁਗਤ ਸਰੂਪ ਹੈਂ॥ ਅਛਿੱਜ ਹੈਂ ਅਛੂਤ ਹੈਂ॥
ਕਿ ਨਰਕੰ ਪ੍ਰਣਾਸ ਹੈਂ॥ ਪ੍ਰਿਥੀਉਲ[3] ਪ੍ਰਵਾਸ ਹੈਂ॥੧੩੦॥

ਤਿੰਨਾਂ ਦਾ ਨਾਸ਼ ਕਰਨੇ ਵਾਲਾ ਹੈਂ। ਨਾਸ਼ ਤੋਂ ਰਹਿਤ (ਤੇ) ਅਪਾਰ ਹੈਂ।
ਸ਼ੁਭ ਹਨ ਸਾਰੇ ਭਾਗ ਜਿਸਦੇ। ਸਭ ਨਾਲ ਚੰਗਾ ਪ੍ਰੇਮ ਹੈ (ਜਿਸਦਾ)।੧੨੯।

ਤਿੰਨ ਲੋਕਾਂ ਦੇ ਭੋਗਣ ਵਾਲਾ ਰੂਪ ਹੈ (ਜਿਸਦਾ)।
ਨਾ ਟੁੱਟਣ ਵਾਲਾ ਹੈਂ ਤੇ ਪਹੁੰਚ ਤੋਂ ਪਰੇ ਹੈਂ।
ਜੋ ਨਰਕ ਦੇ ਨਾਸ਼ ਕਰਨੇ ਵਾਲਾ ਹੈਂ। ਧਰਤੀ ਉੱਪਰ ਚੰਗੀ ਤਰ੍ਹਾਂ ਵੱਸਦਾ ਹੈਂ।੧੩੦।

੧. ਵਾ, ਸਰਬ ਭਾਗ ਤੇਰੇ ਕਰਕੇ ਸ਼ੋਭਨੀਕ ਹਨ।
੨. ਵਾ, 'ਜਿਸ ਨਾਲ ਸਭ ਪਿਆਰ ਕਰਦੇ ਹਨ।
੩. ਭਾਵ ਸਰਬ ਬਯਾਪੀ ਹੈਂ।


www.sikhbookclub.com

**ਨਿਰੁਕਤ ਪ੍ਰਭਾ ਹੈਂ[1]॥ ਸਦੈਵੰ ਸਦਾ ਹੈਂ॥**
**ਬਿਭੁਗਤਿ ਸਰੂਪ ਹੈਂ[2]॥ ਪ੍ਰਜੁਗਤਿ[3] ਅਨੂਪ ਹੈਂ॥੧੩੧॥**

**ਨਿਰੁਕਤਿ ਸਦਾ ਹੈਂ॥ ਬਿਭੁਗਤਿ ਪ੍ਰਭਾ ਹੈਂ[4]॥**
**ਅਨਉਕਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ[5]॥੧੩੨॥**

ਕਥਨੀ ਤੋਂ ਪਰੇ ਹੈ ਸ਼ੋਭਾ (ਯਾ ਵਡਿਆਈ ਜਿਸਦੀ)।
ਸਦਾ ਹੀ ਸਦਾ ਹੈਂ। (ਜਿਸਦਾ) ਸਰੂਪ ਭੋਗਾਂ ਤੋਂ ਰਹਿਤ ਹੈ।
(ਪਰ) ਚੰਗੀ ਤਰ੍ਹਾਂ ਮਿਲਿਆ ਹੋਇਆ ਹੈ (ਇਸ ਕਰਕੇ) ਅਨੂਪਮ ਹੈ।੧੩੧।

ਸਦੀਵ ਕਹਿਨ ਤੋਂ ਪਰੇ ਹੈਂ। ਸ਼ੋਭਾ ਜਿਸਦੀ ਵਿਸ਼ੇਸ਼ ਕਰਕੇ ਭੋਗੀ ਜਾਂਦੀ ਹੈ (ਸੰਤਾਂ ਤੋਂ)।
ਸਰੂਪ ਜਿਸਦਾ ਕਥਨ ਤੋਂ ਪਰੇ ਹੈ ਅਨੂਪਮ (ਢੰਗ ਨਾਲ) ਸਭ ਨਾਲ ਮਿਲਿਆ ਹੋਇਆ ਹੈਂ।੧੩੨।

੧. ਵਿਸ਼ੇਸ਼ ਕਰਕੇ ਕਹੀ ਗਈ ਹੈ ਪ੍ਰਭਾ ਜਿਸਦੀ।
੨. ਵਿਭੁਗਤ ਨੂੰ ਵਿਭਕ੍ਰ ਸਮਝ ਕੇ ਅਡ ਅਡ ਰੂਪਾਂ ਵਾਲਾ ਹੀ ਅਰਥ ਕਰਦੇ ਹਨ।
੩. ਸਭ ਵਿਚ ਵਿਆਪਕ ਹੈ। ਪੂਰਨ ਹੈ ਊਨ ਨਹੀਂ। ੪. ਵਾ, ਵਿਭਕ੍ਰ=ਜਿਸਦੀ ਸ਼ੋਭਾ ਅੱਡ ਅੱਡ ਤਰ੍ਹਾਂ ਦੀ ਹੈ।
੫. ਚੰਗੀ ਤਰ੍ਹਾਂ ਜੁੜਿਆ ਤੇ ਉਪਮਾ ਰਹਿਤ ਹੈ।


www.sikhbookclub.com

## ਚਾਚਰੀ ਛੰਦ॥

**ਅਭੰਗ ਹੈਂ॥ ਅਨੰਗ ਹੈਂ॥**
**ਅਭੇਖ ਹੈਂ॥ ਅਲੇਖ[1] ਹੈਂ॥੧੩੩॥**

**ਅਭਰਮ ਹੈਂ॥ ਅਕਰਮ ਹੈਂ॥**
**ਅਨਾਦਿ ਹੈਂ॥ ਜੁਗਾਦਿ ਹੈਂ॥੧੩੪॥**

ਨਾਮ ਛੰਦ ਦਾ।
ਵਿਨਾਸ਼ ਤੋਂ ਰਹਿਤ ਹੈਂ। ਸ਼ਰੀਰ ਤੋਂ ਰਹਿਤ ਹੈਂ।
ਰੂਪ ਤੋਂ ਰਹਿਤ ਹੈਂ। ਲੇਖੇ ਵਾ ਸਮਝ ਤੋਂ ਪਰੇ ਹੈਂ।੧੩੩।

ਸ਼ੁੱਧ ਸਰੂਪ ਹੈਂ। ਕਰਮ ਤੋਂ ਰਹਿਤ ਹੈਂ।
ਆਰੰਭ ਤੋਂ ਰਹਿਤ ਹੈਂ। ਜੁਗਾਂ ਦਾ ਆਦਿ (ਬੀ ਉਹੀ) ਹੈ।੧੩੪।

੧. ਲਖਤਾ, ਸਮਝ ਤੋਂ ਪਰੇ, ਅਥਵਾ ਲਿਖਣ ਤੋਂ ਬਾਹਰ।


www.sikhbookclub.com

ਅਜੈ ਹੈਂ॥ ਅਭੈ[1] ਹੈਂ॥
ਅਭੂਤ ਹੈਂ॥ ਅਧੂਤ[2] ਹੈਂ॥੧੩੫॥

ਅਨਾਸ ਹੈਂ॥ ਉਦਾਸ ਹੈਂ॥
ਅਧੰਧ[3] ਹੈਂ॥ ਅਬੰਧ[4] ਹੈਂ॥੧੩੬॥

ਜਿੱਤਿਆ ਨਹੀਂ ਜਾਂਦਾ। ਅੰਗਾਂ ਤੋਂ ਰਹਿਤ ਹੈਂ।
ਅਪਰਬ ਅਥਵਾ ਅਨੂਪਮ ਹੈਂ। ਅਚੱਲ ਹੈਂ।੧੩੫।

ਨਾਸ਼ ਤੋਂ ਰਹਿਤ ਹੈਂ। ਸਭ ਤੋਂ ਉਪ੍ਰਾਮ ਹੈਂ।
ਧੰਧੇ ਤੋਂ ਰਹਿਤ ਹੈਂ। ਫ਼ਾਹੀ ਤੋਂ ਰਹਿਤ ਹੈਂ।੧੩੬।

੧. ਅਵਯਵ=ਹਿੱਸੇ, ਅੰਗ। ਵਾ, ਅ+ਵਯ=ਉਮਰਾ ਰਹਿਤ।
੨. ਜੋ ਕੰਬੇ ਨਾ, ਨਾ ਚਲਾਇਮਾਨ, ਨਿਰਭੈ। ੩. ਅਕ੍ਰੈ। ੪. ਸੁਤੰਤ੍ਰ।


www.sikhbookclub.com

**ਅਭਗਤ ਹੈਂ[1]॥ ਬਿਰਕਤ ਹੈਂ॥**
**ਅਨਾਸ[2] ਹੈਂ॥ ਪ੍ਰਕਾਸ ਹੈਂ॥੧੩੭॥**

**ਨਿਚਿੰਤ ਹੈਂ॥ ਸੁਨਿੰਤ ਹੈਂ[3]॥**
**ਅਲਿੱਖ ਹੈਂ॥ ਅਦਿੱਖ ਹੈਂ॥੧੩੮॥**

ਪੂਰਨ ਸਰੂਪ ਹੈਂ। ਰਾਗ ਰਹਿਤ ਹੈਂ।
ਨਾਸ਼ ਨਹੀਂ ਹੁੰਦਾ। ਪ੍ਰਕਾਸ਼ ਸਰੂਪ ਹੈਂ।੧੩੭।

ਚਿੰਤਾ ਰਹਿਤ ਹੈਂ। ਨਿੱਤਜ ਹੈਂ।
ਲਿਖੇ ਜਾਣ ਤੋਂ ਪਰੇ ਹੈਂ। ਦ੍ਰਿਸ਼ਟੀ ਤੋਂ ਪਰੇ ਹੈਂ।੧੩੮।

੧. ਅ+ਭਕ=ਜੋ ਛੇਦਿਆ, ਵੰਡਿਆ ਨਾ ਜਾ ਸਕੇ। ੨. ਵਾ, ਆਸ਼ਾ ਤੋਂ ਰਹਤ ਹੈਂ।
੩. ਹਿੰਦੀ, ਨਿਤ=ਨਿੱਤ। ਵਾ, ਸੁਨਯੰਤ=ਸੁਣਦਾ ਹੈਂ। ਵਾ, ਸੁਨਿਯਤ=ਭਲੀ ਪ੍ਰਕਾਰ ਨਿਰੁੱਧ।


www.sikhbookclub.com

**ਅਲੇਖ ਹੈਂ॥ ਅਭੇਖ ਹੈਂ॥**
**ਅਢਾਹ ਹੈਂ॥ ਅਗਾਹ ਹੈਂ॥੧੩੯॥**

**ਅਸੰਭ[੧] ਹੈਂ॥ ਅਗੰਭ ਹੈਂ[੨]॥**
**ਅਨੀਲ ਹੈਂ[੩]॥ ਅਨਾਦਿ ਹੈਂ॥੧੪੦॥**

ਲੇਖ ਤੋਂ ਪਰੇ ਹੈਂ। ਰੂਪ ਰਹਿਤ ਹੈਂ।
ਡਿਗਦਾ ਨਹੀਂ, ਵਾ ਕਿਨਾਰਾ (ਅੰਤ) ਨਹੀਂ (ਜਿਸਦਾ)। ਅਪਾਰ ਹੈਂ।੧੩੯।

ਅਪਣੇ ਆਪ ਤੋਂ ਹੈਂ। ਅਗੰਮ ਹੈਂ।
ਮਾਯਾ ਰਹਿਤ ਹੈਂ। ਆਦਿ ਰਹਿਤ ਹੈਂ।੧੪੦।

੧. ਜੋ ਦੂਜੇ ਤੋਂ ਨਾ ਜੰਮੇ। ੨. ਸੰਸ: ਗਮ ਤੇ ਰੀਬ=ਚਲਨਾ।
੩. ਵਾ, ਗਿਣਤੀ ਰਹਿਤ ਹੈਂ।


www.sikhbookclub.com

**ਅਨਿੱਤ ਹੈਂ[1]॥ ਸੁ ਨਿੱਤ ਹੈਂ॥**
**ਅਜਾਤ[2] ਹੈਂ॥ ਅਜਾਦ ਹੈਂ॥੧੪੧॥**

ਨਿੱਤ ਨਹੀਂ ਹੈ (ਜੋ)। (ਤੇ) ਸਦਾ ਹੀ ਰਹਿਣ ਵਾਲਾ ਹੈਂ।
ਜਨਮ ਤੋਂ ਰਹਿਤ ਹੈਂ। ਸੁਤੰਤ੍ਰ ਹੈਂ।੧੪੧।

੧. ਭਾਵ ਜਗਤ ਰੂਪ ਹੈਂ ਜੋ ਸਦਾ ਬਦਲਦਾ ਹੈ।
ਅਥਵਾ, ਕਾਰਣ ਰੂਪ ਕਰਕੇ ਨਿੱਤ ਹੈਂ ਅਰ ਕਾਰਜ ਰੂਪ ਕਰਕੇ ਅਨਿੱਤ ਹੈਂ।
੨. ਵਰਣ ਤੋਂ ਰਹਿਤ ਹੈ।


www.sikhbookclub.com

ਚਰਪਟ ਛੰਦ॥ ਤ੍ਵਪ੍ਰਸਾਦਿ॥

**ਸਰਬੰ ਹੰਤਾ॥ ਸਰਬੰ ਗੰਤਾ॥**
**ਸਰਬੰ ਖਿਆਤਾ॥ ਸਰਬੰ ਗਜਾਤਾ॥੧੪੨॥**

**ਸਰਬੰ ਹਰਤਾ॥ ਸਰਬੰ ਕਰਤਾ॥**
**ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥੧੪੩॥**

ਨਾਮ ਛੰਦ। ਤੇਰੀ ਕ੍ਰਿਪਾ।
ਸਭ ਨੂੰ ਨਾਸ਼ ਕਰਨ ਵਾਲਾ ਹੈਂ। ਸਭ ਵਿਚ ਗਮਤਾ ਰੱਖਦਾ ਹੈਂ।
ਸਭ ਵਿਚ ਪ੍ਰਗਟ ਹੈ। ਸਭ ਨੂੰ ਜਾਣਨ ਵਾਲਾ ਹੈਂ।੧੪੨।

ਸਭ ਨੂੰ ਹਰਿ ਲੈਣ ਵਾਲਾ ਹੈਂ। ਸਭ ਦਾ ਰਚਨਹਾਰਾ ਹੈਂ।
ਸਭ ਦੀ ਜਿੰਦ ਹੈਂ। ਸਭ ਦੀ ਰਾਖੀ ਕਰਨ ਵਾਲਾ ਹੈਂ।੧੪੩।


www.sikhbookclub.com

ਸਰਬੰ ਕਰਮੰ॥ ਸਰਬੰ ਧਰਮੰ[1]॥
ਸਰਬੰ ਜੁਗਤਾ॥ ਸਰਬੰ ਮੁਕਤਾ॥੧੪੪॥

ਸਾਰੇ ਕਰਮ ਰੂਪ (ਤੂੰ ਹੀ) ਹੈਂ। ਸਭ ਧਰਮ (ਤੂ ਹੀ) ਹੈਂ।
ਸਭ ਨਾਲ ਮਿਲਿਆ ਹੋਇਆ ਹੈਂ। ਸਭ ਥੋਂ ਅਲੱਗ ਹੈਂ।੧੪੪।

੧. ਧਰਮ ਦਾ ਬੀ ਆਧਾਰ ਆਪ ਹੈਂ।


www.sikhbookclub.com

ਰਸਾਵਲ ਛੰਦ॥ ਤ੍ਵਪ੍ਰਸਾਦਿ॥

**ਨਮੋ ਨਰਕ[1] ਨਾਸੇ॥ ਸਦੈਵੰ ਪ੍ਰਕਾਸੇ॥**
**ਅਨੰਗੀ ਸਰੂਪੇ॥ ਅਭੰਗੀ ਬਿਭੂਤੇ॥੧੪੫॥**

**ਪ੍ਰਮਾਥੰ ਪ੍ਰਮਾਥੇ[2]॥ ਸਦਾ ਸਰਬ ਸਾਥੇ॥**
**ਅਗਾਧ[3] ਸਰੂਪੇ॥ ਨ੍ਰਿਬਾਧ ਬਿਭੂਤੇ[4]॥੧੪੬॥**

ਛੰਦ ਦਾ ਨਾਮ ਹੈ। ਤੇਰੀ ਕ੍ਰਿਪਾ।
ਨਮ: ਹੈ ਨਰਕਾਂ ਦੇ ਨਾਸ਼ ਕਰਨੇ ਵਾਲੇ ਨੂੰ। ਸਦਾ ਹੀ ਪ੍ਰਕਾਸ਼ ਰੂਪ ਨੂੰ।
ਅੰਗਾਂ ਥੋਂ ਰਹਿਤ ਸਰੂਪ (ਵਾਲੇ ਨੂੰ) ਨਾਸ਼ ਤੋਂ ਰਹਿਤ ਵਿਭੂਤੀ (ਸੰਪਦਾ ਵਾਲੇ ਨੂੰ)।੧੪੫।

ਪਰਮਾਰਥ ਦਾ ਪਰਮਾਰਥ ਹੈ। ਸਦਾ ਸਭਨਾਂ ਦੇ ਅੰਗ ਸੰਗੀ ਨੂੰ।
ਅਪਾਰ ਸਰੂਪ ਵਾਲੇ ਨੂੰ।ਅਵਿਨਾਸ਼ ਵਿਭੂਤੀ ਵਾਲੇ ਨੂੰ।੧੪੬।

੧. ਨਰਕ=ਦੁਖ। ੨. ਵਾ, ਚੰਗੀ ਤਰ੍ਹਾਂ ਮਥਨ ਵਾਲਿਆਂ ਨੂੰ ਚੰਗੀ ਤਰ੍ਹਾਂ ਤਥਨ ਵਾਲੇ ਨੂੰ।
ਭਾਵ ਦੁਸ਼ਟਾਂ ਨੂੰ ਦਲਨ ਵਾਲੇ ਨੂੰ। ੩. ਸਮਝ ਤੋਂ ਪਰੇ।
੪. ਅਥਵਾ ਪੀੜਾ ਰਹਤ ਵਿਭੂਤੀ ਵਾਲੇ ਨੂੰ।


www.sikhbookclub.com

ਅਨੰਗੀ[1] ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥
ਨ੍ਰਿਭੰਗੀ ਸਰੂਪੇ॥ ਸਰਬੰਗੀ ਅਨੂਪੇ॥੧੪੭॥

ਨ ਪੋਤ੍ਰੈ ਨ ਪੁੱਤ੍ਰੈ॥ ਨ ਸੱਤ੍ਰੈ ਨ ਮਿਤ੍ਰੈ॥
ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ[2]॥੧੪੮॥

ਸਰੂਪ ਤੇ ਨਾਮ ਤੋਂ ਰਹਿਤ ਨੂੰ। (ਦੇਖੋ ਅੰਕ ੧੨੮)
ਨਾ ਟੁੱਟਣ ਵਾਲੇ ਸਰੂਪ ਵਾਲੇ ਨੂੰ। ਸਭ ਦੇ ਅੰਗ ਕਰਨ ਵਾਲੇ (ਤੇ)
ਉਪਮਾ ਤੋਂ ਰਹਿਤ ਨੂੰ।੧੪੭।

ਨਾ (ਉਸਦਾ) ਪੋਤ੍ਰਾ ਹੈ ਨਾ ਪੁੱਤ੍ਰ। ਨਾ ਵੈਰੀ ਹੈ ਨਾ ਮਿੱਤ੍ਰ।
ਨਾ ਪਿਤਾ ਹੈ ਨਾ ਮਾਤਾ। ਨਾ ਜਨਮ ਹੈ ਨਾ ਮੌਤ ਹੈ।੧੪੮।

੧. ਸਰੀਰ ਰਹਿਤ, ਰੂਪ ਰਹਤ।
੨. ਵਾ, ਨਾ ਜਾਤ ਹੈ ਨਾ ਪੰਕਤੀ, ਭਾਵ ਕੁਲ ਹੈ।


www.sikhbookclub.com

ਨ੍ਰਿਸਾਕੰ ਸਰੀਕ ਹੈਂ॥ ਅਮਿਤੋ ਅਮੀਕ[1] ਹੈਂ॥
ਸਦੈਵੰ ਪ੍ਰਭਾ ਹੈਂ॥ ਅਜੈ ਹੈਂ ਅਜਾ ਹੈਂ॥੧੪੯॥

ਨਾ ਉਸਦਾ ਸਾਕ ਹੈ ਨਾ ਸ਼ਰੀਕ ਹੈ। ਮਿਣਤੀ ਤੋਂ ਰਹਿਤ ਅਰਗੰਭੀਰ ਹੈ।
ਸਦਾ ਹੀ ਪ੍ਰਕਾਸ਼ (ਯਾ ਸ਼ੋਭਾ) ਵਾਲਾ ਹੈਂ। ਅਜਿੱਤ ਹੈਂ ਅਰ ਜਨਮ ਤੋਂ ਰਹਿਤ ਹੈਂ।੧੪੯।

੧. ਅ:, ਅਮੀਕ=ਡੂੰਘਾ।


www.sikhbookclub.com

## ਭਗਵਤੀ ਛੰਦ॥ ਤ੍ਵਪ੍ਰਸਾਦਿ॥

ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ[1]॥
ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ[2]॥੧੫੦॥

ਕਿ ਸਾਹਿਬ ਦਿਮਾਗ਼ ਹੈਂ[3]॥ ਕਿ ਹੁਸਨਲ ਚਰਾਗ਼ ਹੈਂ॥
ਕਿ ਕਾਮਲ ਕਰੀਮ ਹੈਂ॥ ਕਿ ਰਾਜ਼ਕ ਰਹੀਮ ਹੈਂ॥੧੫੧॥

ਨਾਮ ਹੈ ਛੰਦ ਦਾ। ਤੇਰੀ ਕ੍ਰਿਪਾ (ਕਰਕੇ)
ਕਿ ਪ੍ਰਤੱਖ ਹੈ ਪ੍ਰਕਾਸ਼ (ਉਸਦਾ)। ਕਿ ਮੌਜੂਦ (ਤੇ) ਸਾਹਮਣੇ ਹੈਂ।
ਸਦਾ ਹੀ ਸਲਾਮਤ ਹੈਂ। ਸੰਪੂਰਨ ਬਾਣੀ ਰੂਪ ਹੈਂ।੧੫੦।

ਕਿ ਮਾਲਕ ਹੈਂ ਬੁੱਧੀ ਦਾ। ਕਿ ਸੁੰਦਰਤਾ ਦਾ ਦੀਪਕ ਹੈਂ।
ਕਿ ਪੂਰਾ ਕ੍ਰਿਪਾਲੂ ਹੈਂ। ਕਿ ਰੋਜੀ ਦੇਣ ਵਾਲਾ (ਤੇ) ਦਿਆਲੂ ਹੈਂ।੧੫੧।

੧. ਹਾਜ਼ਰ=ਜੋ ਮੌਜੂਦ ਹੋਵੇ।
੨. ਵਾ, ਜੋ ਸਭ ਵਿਚ ਬਾਣੀ ਰੂਪ ਹੈ।
੩. ਭਾਵ ਸੰਪੂਰਨ ਦਾਨਾ।


www.sikhbookclub.com

ਕਿ ਰੋਜ਼ੀ ਦਿਹਿੰਦ ਹੈਂ॥ ਕਿ ਰਾਜ਼ਿਕ ਰਹਿੰਦ ਹੈਂ[੧]॥
ਕਰੀਮੁਲ ਕਮਾਲ ਹੈਂ॥ ਕਿ ਹੁਸਨਲ ਜਮਾਲ ਹੈਂ॥੧੫੨॥

ਗਨੀਮੁਲ ਖ਼ਿਰਾਜ ਹੈਂ[੨]॥ ਗ਼ਰੀਬੁਲ ਨਿਵਾਜ਼ ਹੈਂ॥
ਹਰੀਫ਼ੁਲ ਸ਼ਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥੧੫੩॥

ਕਿ ਰੋਜ਼ੀ ਦੇਣ ਵਾਲਾ ਹੈਂ। ਕਿ (ਤੂੰ) ਰੋਜ਼ੀ ਦੇਣ ਵਾਲਾ ਤੇ ਛੁਟਕਾਰਾ ਦੇਣ ਵਾਲਾ ਹੈਂ।
ਪੂਰਨ ਕ੍ਰਿਪਾ ਦੇ ਕਰਨੇ ਵਾਲਾ ਹੈਂ। ਜੋ ਸੁੰਦਰ ਰੂਪ ਵਾਲਾ ਹੈਂ।੧੫੨।

ਵੈਰੀਆਂ ਨੂੰ ਕੱਢ ਦੇਣ ਵਾਲਾ ਹੈਂ। ਗਰੀਬਾਂ ਨੂੰ ਵਡਿਆਉਣ ਵਾਲਾ ਹੈਂ।
ਵੈਰੀਆਂ ਨੂੰ ਤੋੜਨ ਵਾਲਾ ਹੈਂ। ਡਰ ਨੂੰ ਪਰੇ ਸਿੱਟਣ ਵਾਲਾ ਹੈਂ।੧੫੩।

੧. ਰਹਾਂਦਨ=ਛੋੜਨਾ, ਰਿਹਾਈ ਦੇਣਾ।
੨. ਗ਼ਨੀਮੁਲ ਇਖ਼ਰਾਜ।


www.sikhbookclub.com

ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ[1] ਹੈਂ॥
ਅਰੀਂਜੁਲ ਗਨੀਮ ਹੈਂ॥ ਰਜਾਇਕ ਰਹੀਮ ਹੈਂ[2]॥੧੫੪॥

ਸਮਸਤੁਲ ਜੁਬਾਂ[3] ਹੈਂ॥ ਕਿ ਸਾਹਿਬ ਕਿਰਾਂ ਹੈਂ[4]॥
ਕਿ ਨਰਕੰ ਪ੍ਰਣਾਸ ਹੈਂ॥ ਬਹਿਸਤੁਲ ਨਿਵਾਸ ਹੈਂ॥੧੫੫॥

ਅਪਜਸ ਦੇ ਦੂਰ ਕਰਨ ਵਾਲਾ ਹੈਂ। ਸਭ ਵਿਚ ਵਸਦਾ ਹੈਂ।
ਵੈਰੀਆਂ ਤੋਂ ਨਾਸ਼ ਨਹੀਂ ਹੁੰਦਾ ਹੈਂ। ਰਜ਼ਾ ਦਾ ਮਾਲਕ ਤੇ ਕ੍ਰਿਪਾਲੂ ਹੈਂ।੧੫੪।

ਸਭ ਵਿਚ ਜੀਭ (ਵਾਕ ਸੱਤਾ) ਹੈਂ। ਕਿ ਮਹਾਨ ਐਸ਼ਵਰਜ ਵਾਲਾ ਹੈਂ।
ਕਿ ਨਰਕ ਦਾ ਨਾਸ਼ ਕਰਨੇ ਵਾਲਾ ਹੈਂ। ਸ੍ਵਰਗ ਦਾ ਵਾਸੀ ਹੈਂ।੧੫੫।

੧. ਸਰਬ ਬਯਾਪੀ। ੨. ਰਜ਼ਾ=ਖੁਸ਼ੀ। ਰਾਜ਼ਕ=ਰੋਜ਼ੀ ਦਾਤਾ।
੩. ਵਾਕ ਸਤਾ, ਸ਼ਬਦ। ੪. ਸਾਹਿਬ ਕਿਰਾਂ ਉਸਨੂੰ ਕਹਿੰਦੇ ਹਨ ਜੋ ਦੋ ਸ਼ੁਭ ਨਛੱਤ੍ਰਾਂ ਦੇ ਮੇਲ ਵੇਲੇ ਜੰਮੇ, ਓਹ ਮਹਾਂ ਐਸ਼ਵਰਜ ਵਾਲਾ ਹੁੰਦਾ ਹੈ। ਕਿਰਾ, ਨੇੜੇ ਤੇ ਮਿਲਾਪ ਨੂੰ ਬੀ ਕਹਿੰਦੇ ਹਨ।


www.sikhbookclub.com

ਕਿ ਸਰਬੁਲ ਗਵੰਨ ਹੈਂ॥ ਹਮੇਸੁਲ ਰਵੰਨ[1] ਹੈਂ॥
ਤਮਾਮੁਲ ਤਮੀਜ ਹੈਂ॥ ਸਮਸਤੁਲ ਅਜੀਜ ਹੈਂ॥੧੫੬॥

ਪਰੰ ਪਰਮ ਈਸ[2] ਹੈਂ॥ ਸਮਸਤੁਲ ਅਦੀਸ ਹੈਂ॥
ਅਦੇਸੁਲ ਅਲੇਖ[3] ਹੈਂ॥ ਹਮੇਸੁਲ ਅਭੇਖ ਹੈਂ॥੧੫੭॥

ਕਿ ਸਭ ਵਿਚ ਤੇਰਾ ਗਮਨ ਹੈ। ਸਦਾ ਹੀ ਰਵ ਰਿਹਾ ਹੈਂ।
ਸਭਨੂੰ ਪਛਾਣਨੇ ਵਾਲਾ ਹੈਂ। ਸਭ ਦਾ ਪਿਆਰਾ ਹੈਂ।੧੫੬।

ਸਭ ਤੋਂ ਵਡਿਆਂ ਦਾ ਬੀ ਈਸ਼੍ਵਰ ਹੈਂ। ਸਭਨੂੰ ਨਹੀਂ ਦਿੱਸਦਾ ਹੈਂ।
ਦੇਸ (ਭੇਦ ਤੋਂ) ਰਹਿਤ ਤੇ ਲੇਖੇ ਤੋਂ ਬੀ ਪਰੇ ਹੈਂ। ਸਦਾ ਰੂਪ (ਯਾ ਭੇਖ) ਤੋਂ ਰਹਿਤ ਹੈਂ।੧੫੭।

੧. ਫਾਰਸੀ, ਰਵਿੰਦਹ=ਤੁਰਨ ਵਾਲਾ।
੨. ਭਾਵ ਬ੍ਰਹਮਾ ਸ਼ਿਵ ਵਿਸ਼ਨੂੰ ਤੋਂ ਬੀ।
੩. ਵਾ, ਹੇ ਅਲੇਖ ਤੈਨੂੰ ਆਦੇਸ ਹੈ।


www.sikhbookclub.com

ਜ਼ਮੀਨੁਲ[1] ਜ਼ਮਾ ਹੈਂ॥ ਅਮੀਕੁਲ[2] ਇਮਾ ਹੈਂ॥
ਕਰੀਮੁਲ ਕਮਾਲ ਹੈਂ॥ ਕਿ ਜੁਰਅਤਿ ਜਮਾਲ ਹੈਂ[3]॥੧੫੮॥

ਕਿ ਅਚਲੰ ਪ੍ਰਕਾਸ ਹੈਂ॥ ਕਿ ਅਮਿਤੋ ਸੁਬਾਸ ਹੈਂ[4]॥
ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤ ਹੈਂ॥੧੫੯॥

ਸਭ ਥਾਂ ਅਰ ਸਰਬ ਕਾਲ (ਵਿਚ ਨਿੱਤ ਹੈਂ) ਡੂੰਘੇ ਨਿਸ਼ਚੇ ਵਾਲਾ ਹੈਂ।
ਪੂਰਾ ਕ੍ਰਿਪਾਲੂ ਹੈਂ। ਜੋ ਬੀਰਤਾ ਦੀ ਖ਼ੂਬਸੂਰਤੀ ਵਾਲਾ ਹੈਂ।੧੫੮।

ਜੋ ਨਾ ਹਿੱਲਣ ਵਾਲੇ ਪ੍ਰਕਾਸ਼ ਵਾਲਾ ਹੈਂ। ਜੋ ਮਿਣਤੀ ਤੋਂ ਰਹਿਤ ਸੁਗੰਧੀ ਵਾਲਾ ਹੈਂ।
ਜੋ ਅਚਰਜ ਰੂਪ ਵਾਲਾ ਹੈਂ। ਜੋ ਮਿਣਤੀ ਤੋਂ ਰਹਿਤ ਵਿਭੂਤੀ (ਸੰਪਦਾ) ਵਾਲਾ ਹੈਂ।੧੫੯।

੧. ਵਾ, ਧਰਤੀ ਤੇ ਅਕਾਸ਼ ਵਿਚ ਪੂਰਨ ਹੈਂ।
੨. ਅਮੀਕ=ਗੰਭੀਰ, ਡੂੰਘਾ ਈਮਾਨ=ਧਰਮ, ਨਿਹਚਾ। ਅਮਾਨ=ਪਨਾਹ, ਆਸਰਾ।
੩. ਭਾਵ, ਜਲਾਲ ਵਾਲਾ ਹੈਂ। ੪. ਅਤੀ ਸੁਗੰਧਿਤ।


www.sikhbookclub.com

ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ[੧]॥
ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥

ਜੋ ਮਿਣਤੀ ਤੋਂ ਰਹਿਤ ਪਸਾਰੇ ਵਾਲਾ (ਯਾ ਕ੍ਰਿਪਾਵਾਲਾ) ਹੈਂ। ਜੋ ਆਤਮਕ ਪ੍ਰਕਾਸ਼ ਵਾਲਾ ਹੈਂ। ਜੋ ਸਥਿਰ (ਤੇ) ਸਰੀਰ ਰਹਿਤ ਹੈਂ। ਜੋ ਮਿਣਤੀ ਤੋਂ ਰਹਿਤ (ਤੇ) ਨਾਸ਼ ਰਹਿਤ ਹੈਂ।੧੬੦।

੧. ਜਿਸਦੀ ਪ੍ਰਭਾ ਅਪਨੇ ਆਪ ਤੋਂ ਹੀ ਹੈ।


www.sikhbookclub.com

ਮਧੁਭਾਰ ਛੰਦ॥ ਤ੍ਵਪ੍ਰਸਾਦਿ॥

**ਮੁਨਿ ਮਨਿ ਪ੍ਰਨਾਮ[1]॥ ਗੁਨਿ ਗਨ ਮੁਦਾਮ॥**
**ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥੧੬੧॥**

**ਅਨਗਨ ਪ੍ਰਨਾਮ॥ ਮੁਨਿ ਮਨਿ ਸਲਾਮ[2]॥**
**ਹਰਿ ਨਰ ਅਖੰਡ॥ ਬਰ ਨਰ ਅਮੰਡ[3]॥੧੬੨॥**

ਨਾਮ ਛੰਦ ਦਾ। ਤੇਰੀ ਕ੍ਰਿਪਾ।
ਮਹਾਤਮਾ ਦੇ ਮਨ ਜਿਸਨੂੰ ਨਮਸਕਾਰ ਕਰਦੇ ਹਨ। ਤੇਰੇ ਸਾਰੇ ਗੁਣ ਸਦਾ (ਕੈਮ) ਹਨ।
ਵਡਿਆਂ ਵੈਰੀਆਂ ਤੋਂ (ਬੀ ਤੂੰ) ਨਾਸ਼ ਨਹੀਂ ਕੀਤਾ ਜਾ ਸਕਦਾ।
(ਉਨ੍ਹਾਂ ਨੂੰ ਤੂੰ) ਨਰ ਸਿੰਘ ਹੋ ਕੇ ਨਾਸ਼ ਕਰ ਦੇਂਦਾ ਹੈਂ।੧੬੧।

ਤੈਨੂੰ ਅਨਗਿਣਤ ਨਮਸ: ਹਨ। ਮਹਾਤਮਾਂ ਦੇ ਮਨਾਂ ਵਿਚ ਤੂੰ ਸਲਾਮਤ ਹੈਂ।
ਸ਼ਿਵ, ਵਿਸ਼ਨੂ (ਤੂੰ ਹੈਂ ਪਰ) ਅਖੰਡ ਰੂਪ ਹੈਂ; ਤੂੰ ਹੀ ਬ੍ਰਹਮਾ ਹੈਂ, ਪਰ ਸੁਤੇ ਸਥਿਤ।੧੬੨।

੧. ਵਾ, ਮੁਨੀਆਂ ਦੇ ਮਨਾਂ ਨੂੰ ਪ੍ਰਣਾਮ (ਜੋ ਸਦਾ ਤੇਰੇ ਗੁਣ ਗਾਉਂਦੇ ਹਨ)।
੨. ਵਾ ਮੁਨੀਆਂ ਦੇ ਮਨ ਤੈਨੂੰ ਸਲਾਮ ਕਰਦੇ ਹਨ।
੩. ਸ਼ਿਵ ਵਿਸ਼ਨੂੰ ਬ੍ਰਹਮਾ ਸਦਾ ਥਿਰ ਨਹੀਂ ਹਨ ਤੇ ਤੇਰੇ ਮੰਡੇ (ਥਾਪੇ) ਹੋਏ ਹਨ,
ਪਰ ਤੂੰ ਅਖੰਡ ਤੇ ਅਮੰਡ ਹੈਂ ਤੇ ਤ੍ਰੈਏ ਸ਼ਕਤੀਆਂ ਤੇਰੇ ਵਿਚ ਹਨ।


www.sikhbookclub.com

**ਅਨਭਵ ਅਨਾਸ॥ ਮੁਨਿ ਮਨਿ ਪ੍ਰਕਾਸ॥**
**ਗੁਨਿ ਗਨ ਪ੍ਰਨਾਮ[1]॥ ਜਲ ਥਲ ਮੁਦਾਮ॥੧੬੩॥**

**ਅਨਛਿੱਜ ਅੰਗ[2]॥ ਆਸਨ ਅਭੰਗ॥**
**ਉਪਮਾ ਅਪਾਰ॥ ਗਤਿ ਮਿਤਿ ਉਦਾਰ[3]॥੧੬੪॥**

ਗਿਆਨ ਸਰੂਪ (ਹੈਂ ਤੂੰ ਤੇ) ਨਾਸ਼ ਤੋਂ ਰਹਿਤ ਹੈਂ।
ਮੁਨੀਆਂ ਦੇ ਮਨ ਵਿਚ ਪ੍ਰਕਾਸ਼-ਮਾਨ (ਹੈਂ ਤੂੰ)।
ਗੁਣਾਂ ਦੇ ਸਮੂਹ ਰੂਪ ਨੂੰ ਨਮः। (ਤੁਸੀ) ਜਲਥਲ ਵਿਚ ਸਦਾ (ਹੋ)੧੬੩।

ਨਹੀਂ ਛਿੱਜਣ ਵਾਲਾ ਸਰੀਰ (ਜਿਸਦਾ)।ਅਸਥਾਨ (ਜਿਸਦਾ) ਟੁੱਟਣ ਵਾਲਾ ਨਹੀਂ।
ਉਸਤਤਿ (ਤਿਸਦੀ) ਬੇਹੱਦ ਹੈ। ਗਤਿਮਿਤਿ ਉਸਦੀ ਬੇਅੰਤ ਹੈ।੧੬੪।

੧. ਵਾ, ਗੁਣੀਆਂ ਦੇ ਗਨ (ਤੈਨੂੰ) ਪ੍ਰਣਾਮਦੇ ਹਨ। ੨. ਸੂਰੂਪ।
੩. ਗਤਿ=ਗਿਣਤੀ, ਚਾਲ, ਪਹੁੰਚ ਤੇ ਮਿਤੀ=ਮਿਣਤੀ, ਮ੍ਰਿਯਾਦਾ ਦੁਇ ਬੇਅੰਤ ਹਨ।
ਅਥਵਾ ਤੇਰੀ ਉਦਾਰਤਾ ਗਿਣਤੀ ਤੇ ਮਿਣਤੀ ਤੋਂ ਪਰੇ ਹੈ।


www.sikhbookclub.com

ਜਲ ਥਲ ਅਮੰਡ[੧]॥ ਦਿਸ ਵਿਸ[੨] ਅਭੰਡ॥
ਜਲ ਥਲ ਮਹੰਤ[੩]॥ ਦਿਸ ਵਿਸ[੩] ਬਿਅੰਤ॥ ੧੯੫॥

ਅਨਭਵ ਅਨਾਸ॥ ਧ੍ਰਿਤ ਧਰ ਧੁਰਾਸ[੪]॥
ਆਜਾਨ ਬਾਹੁ[੫]॥ ਏਕੈ ਸਦਾਹੂ॥੧੯੬॥

ਜਲ ਥਲ ਵਿਚ ਸੁਭਾਇਮਾਨ ਹੈਂ। ਸਭ ਦਿਸਾਂ ਵਿਚ ਇਕ ਰੰਗ ਹੈਂ।
ਜਲ ਥਲ ਵਿੱਚ ਵੱਡਾ ਹੈ। ਲਾਂਭਾਂ ਤੇ ਥਾਂਵਾਂ ਵਿਚ ਬੇ-ਓੜਕ ਹੈਂ।੧੯੫।

ਪਰਤੱਖ ਯਾ ਸੁਤੇ ਸਰੂਪ ਹੈਂ ਤੇ ਨਾਸ਼ ਤੋਂ ਰਹਿਤ ਹੈਂ। ਧਾਰਣ ਕਰ ਰਹੇ ਹੋ ਧਰਤੀ ਨੂੰ
ਸ ਦਾ ਧੁਰਾ ਹੋਕੇ ਆਸਰਾ ਦੇ ਰਹੇ ਹੋ। ਹੁਕਮਾਂ ਦੇ ਧਾਰਨ ਵਾਲਾ ਹੈਂ॥ ਸਦਾ ਹੀ ਇੱਕੋ ਹੈਂ।੧੯੬।

੧. ਆ+ਮੰਡ=ਵਿਸ਼ੇਸ਼ ਕਰਕੇ ਸ਼ੋਭਾ ਵਾਲਾ। ਵਾ, ਅ+ਮੰਡ=ਜੋ ਦਲਿਤ ਨਾ ਹੋ ਸਕੇ, ਸਦਾ ਸਥਿਰ।
ਇਹ ਮੰਡ ਪਦ ਸੰਸਕ੍ਰਿਤ ਤੋਂ ਬਣਦਾ ਤੇ ਦਲਿਤ ਅਰਥਾਂ ਵਿਚ ਹਿੰਦੀ ਕਵਿਤਾ ਵਿਚ ਵਰਤੀਂਦਾ ਹੈ।
੨. ਹਾਨੀ ਰਹਿਤ ਤਾਂ ਤੇ ਇਕ ਰਸ। ਵਾ: ਨਿੰਦਾ ਰਹਿਤ। ੩. ਮਹਤ ਤੋਂ ਮਹੰਤ=ਵਡਾ। ਸ੍ਰੇਸ਼ਟ, ਪੂਜਨੀਕ।
੪. ਦਿਸ਼ਾ ੪ ਹਨ। ਉੱਤਰ, ਦੱਖਣ, ਪੂਰਬ, ਪੱਛਮ। ਹਰ ਦੋ ਦਿਸ਼ਾਂ ਦੇ ਵਿਚਕਾਰਲੀ ਥਾਂ ਉਪਦਿਸ਼ਾ ਹੈ,
ਇਹ ਬੀ ੪ ਹਨ। ੫. ਧ੍ਰਿਤਿਧਰ=ਧੀਰਜਵਾਨ। ਧੁਰਾਸ=ਧੁਰੋਂ ਹੀ ਆਸਰਾ। ਧੁਰਯ+ਆਸ਼ਯ=ਉੱਚੇ ਆਸ਼ਯ ਵਾਲੇ ਹੋ।


www.sikhbookclub.com

ਓਅੰਕਾਰ ਆਦਿ॥ ਕਥਨੀ ਅਨਾਦਿ[1]॥
ਖਲ ਖੰਡ ਖਿਆਲ[2]॥ ਗੁਰ ਬਰ ਅਕਾਲ॥੧੯੭॥

ਘਰ ਘਰਿ ਪ੍ਰਨਾਮ॥ ਚਿਤ ਚਰਨ[3] ਨਾਮ[4]॥
ਅਨਛਿੱਜ ਗਾਤ॥ ਆਜਿਜ ਨ ਬਾਤ[5]॥੧੯੮॥

ਓਅੰਕਾਰ ਕਹਿਕੇ (ਜਿਸਨੇ ਜਗਤ ਦਾ) ਮੁੰਢ ਕੀਤਾ ਉਹ ਆਪ ਆਦਿ ਤੋਂ ਰਹਿਤ ਹੈ, ਭਾਵ ਸਦਾ ਤੋਂ ਹੈ। ਜੋ (ਅਪਨੇ) ਖਜਾਲ ਮਾਤ੍ਰ ਨਾਲ ਖਲਾਂ ਦਾ ਨਾਸ਼ ਕਰਦਾ ਹੈ। ਸ਼ਿਰੋਮਣੀ ਗੁਰੂ ਅਕਾਲ ਪੁਰਖ ਹੈ।੧੯੭।

(ਉਸਨੂੰ) ਘਰ ਘਰ ਵਿੱਚ ਨਮ: ਹੈ। ਚਿਤ (ਚਿਤ) ਵਿਚ (ਜਿਸਦੇ) ਚਰਨ (ਤੇ ਰਸਨਾ ਰਸਨਾ ਤੇ ਜਿਸਦਾ) ਨਾਮ ਹੈ। ਜਿਸਦੀ ਵਜਕਤੀ ਟੁੱਟਣ ਵਾਲੀ ਨਹੀਂ। (ਜਿਸਦੀ) ਬਾਣੀ ਬਲਵਾਨ ਹੈ।੧੯੮।

੧. ਅ: ਇਜ਼ਨ = ਹੁਕਮ। (ਅ) ਸੰਸ:, ਆਜਾਨ+ਬਾਹ = ਦੇਵਤਿਆਂ ਦਾ ਪ੍ਰੇਰਕ। (ੲ) ਆਜਾਨੁ ਬਾਹੁ = ਜਿਸਦੀਆਂ ਬਾਹਾਂ ਗੋਡਿਆਂ ਤਕ ਲੰਮੀਆਂ ਹੋਣ। ੨. ਵਾ, ਓਅੰਕਾਰ ਅਨਾਦਿ ਕਥਨੀ ਆਦਿ = (ਉਹ) ਆਦਿ ਤੋਂ ਰਹਿਤ ਹੈ ਓਅੰਕਾਰ ਰੂਪ ਹੈ, (ਇਸ ਓਅੰਕਾਰ ਦੀ ਕਥਨੀ ਤੋਂ ਉਸਨੂੰ) ਆਦਿ ਰੂਪ ਵੀ ਕਿਹਾ ਜਾਂਦਾ ਹੈ।
੩. ਜਿਸਦੇ ਖਜਾਲ (ਧਜਾਨ) ਕਰਨ ਨਾਲ ਖਲ ਖੰਡੇ ਜਾਂਦੇ ਹਨ। ੪. 'ਚਿਤ ਵਿਚ ਚਰਨ' ਤੋਂ ਮੁਰਾਦ ਧਿਆਨ ਦੀ ਹੈ।
੫. ਅਰ:, ਆਜਿਜ਼, ਨਿਰਬਲ। ਨਾ ਆਜਿਜ਼ = ਬਲਵਾਨ। ਬਾਤ ਤੋਂ ਭਾਵ ਬਾਣੀ ਜਾਂ ਉਪਦੇਸ਼ ਦਾ ਹੈ।


www.sikhbookclub.com

ਅਨਝੰਝ[1] ਗਾਤ॥ ਅਨਰੰਜ[2] ਬਾਤ॥
ਅਨਟੁਟ ਭੰਡਾਰ॥ ਅਨਠਟ ਅਪਾਰ[3]॥੧੬੯॥

ਆਡੀਠ ਧਰਮ[4]॥ ਅਤਿ ਢੀਠ ਕਰਮ[5]॥
ਅਣਬ੍ਰਣ[6] ਅਨੰਤ॥ ਦਾਤਾ ਮਹੰਤ॥੧੭੦॥

ਇਕ ਰਸ ਹੈ ਸ਼ਰੀਰ ਜਿਸਦਾ। ਗੁੱਸੇ ਤੋਂ ਰਹਿਤ ਹੈ ਬਾਣੀ ਜਿਸਦੀ
ਭੰਡਾਰਾ (ਜਿਸਦਾ) ਅਟੁਟ ਹੈ। ਥਾਪਿਆ ਹੋਇਆ ਨਹੀਂ ਤੇ ਪਾਰ ਤੋਂ ਰਹਿਤ ਹੈਂ।੧੬੯।

(ਜਿਸਦਾ) ਧਰਮ ਦ੍ਰਿਸ਼ਟੀ ਦਾ ਵਿਸ਼ਾ ਨਹੀਂ। (ਜਿਸਦਾ) ਕਰਮ ਡਾਢੀ ਦ੍ਰਿੜ੍ਹਤਾ ਵਾਲਾਹੈ।
ਅਨਾਦਿ ਹੈ ਤੇ ਅੰਤ ਤੋਂ ਰਹਿਤ ਹੈ (ਤੂੰ)। (ਤੂੰ) ਦਾਤਾ ਹੈਂ ਤੇ ਵਡਾ ਹੈਂ ਯਾ ਪੂਜ ਹੈਂ।੭੦
170

੧. ਹਿੰ: ਝੰਝ=ਗੁੱਸਾ, ਬਖੇੜਾ, ਘਬਰਾ, ਕਾਂਬਾ। ੨. ਫ਼ਾ: ਰੰਜ=ਦੁੱਖ, ਗੁੱਸਾ।
੩. ਥਾਪਿਆ ਨ ਜਾਇ ਕੀਤਾ ਨ ਹੋਇ। ੪. ਜਿਸਦੇ ਧਰਮ ਨੂੰ ਕਿਸੇ ਨਹੀਂ ਡਿੱਠਾ।
੫. ਕੋਈ ਲਿਹਾਜ, ਲਾਜ, ਰਿਐਤ ਜਿਸਨੂੰ ਅਪਣੇ ਨੀਯਤ ਕਰਮ ਕਰਨੋਂ ਡੁਲਾ ਨ ਸਕੇ।
੬. ਕਿਤੇ ਪਾਠ 'ਅਣ ਬ੍ਰਣ' ਹੈ ਇਹ ਸ਼ੁੱਧ ਨਹੀਂ ਹੈ।
ਅਣ ਬਣ=ਜੋ ਕਦੇ ਬਣਿਆ ਨਹੀਂ, ਸਦਾ ਤੋਂ ਹੈ ਸੋ ਹੋਯਾ ਅਨਾਦਿ।


www.sikhbookclub.com

ਹਰਿਬੋਲਮਨਾ ਛੰਦ॥ ਤ੍ਵ ਪ੍ਰਸਾਦਿ॥

ਕਰੁਣਾਲਯ ਹੈਂ॥ ਅਰਿ ਘਾਲਯ[1] ਹੈਂ॥
ਖਲ ਖੰਡਨ ਹੈਂ॥ ਮਹਿ ਮੰਡਨ ਹੈਂ[2]॥੧੭੧॥

ਜਗਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥
ਕਲਿ ਕਾਰਣ ਹੈਂ[3]॥ ਸਰਬ ਉਬਾਰਣ ਹੈਂ॥੧੭੨॥

ਨਾਮ ਛੰਦ ਦਾ ਹੈ। ਤੇਰੀ ਕ੍ਰਿਪਾ ਨਾਲ।
(ਸ਼ਰਣਾਗਤਿ ਲਈ ਤੂੰ) ਦਯਾ ਦਾ ਘਰ ਹੈ। ਸ਼ੱਤ੍ਰੂਆਂ (ਲਈ ਤੂੰ) ਨਾਸ਼ ਕਰਨੇ ਵਾਲਾ ਹੈਂ।
ਮੂਰਖਾਂ ਦੇ ਨਾਸ਼ ਕਰਨੇ ਵਾਲਾ ਹੈਂ ਪ੍ਰਿਥਵੀ ਬਨਾਉਣ ਵਾਲਾ ਹੈਂ। ੧੭੧

ਜਗਤ ਦਾ ਮਾਲਕ ਹੈਂ। (ਸਭ ਈਸ਼੍ਵਰਾਂ ਤੋਂ) ਵੱਡਾ ਈਸ਼੍ਵਰ ਹੈਂ।
ਸੁੰਦਰਤਾ ਦਾ ਕਾਰਨ ਹੈਂ। ਸਭ ਦਾ ਉਧਾਰ ਕਰਨ ਵਾਲਾ ਹੈਂ। ੧੭੨।

੧. ਜੇ ਪਾਠ ਅਰਘਾਲਯ ਹੋਵੇ ਤਾਂ ਅਰਘ+ਆਲਯ=ਪੂਜਾ ਦਾ ਘਰ ਹੈਂ ਤੂੰ।
੨. ਵਾ, ਪ੍ਰਿਥ੍ਵੀ ਦਾ ਸ਼ਿੰਗਾਰ ਰੂਪ ਹੈਂ। ੩. ਕਲਿ=ਕਲਹਾ, ਕਲਜੁਗ।
ਭਾਵ, ਆਪ ਹੀ ਕਲਿ ਦਾ ਕਾਰਣ ਹੈਂ, ਆਪ ਹੀ ਉਸ ਤੋਂ ਰਖਜਾ ਕਰਦਾ ਹੈਂ।
ਜਿਵੇਂ ਸੂਰਜ ਹੀ ਕਾਰਣ ਹੈ ਹਨੇਰੀ, ਮੀਂਹ, ਤੂਫਾਨ ਦਾ ਤੇ ਸੂਰਜ ਹੀ ਕਾਰਣ ਹੈ ਇਨ੍ਹਾਂ ਤੋਂ ਨਿਰੋਲ ਮੌਸਮ ਦਾ।


www.sikhbookclub.com

ਧ੍ਰਿਤ[1] ਕੇ ਧ੍ਰਣ ਹੈਂ॥ ਜਗ ਕੇ ਕ੍ਰਣ ਹੈਂ॥
ਮਨ ਮਾਨਿਯ[2] ਹੈਂ॥ ਜਗ ਜਾਨਿਯ[3] ਹੈਂ॥੧੭੩॥

ਸਰਬੰ ਭਰ ਹੈਂ॥ ਸਰਬੰ ਕਰ ਹੈਂ॥
ਸਰਬ ਪਾਸਿਯ ਹੈਂ॥ ਸਰਬ ਨਾਸਿਯ ਹੈਂ॥੧੭੪॥

ਧਰਤੀ ਦੇ ਧਾਰਨ ਵਾਲਾ ਹੈਂ। ਸ੍ਰਿਸ਼ਟੀ ਦੇ ਰਚਨਹਾਰਾ ਹੈਂ।
ਮਨ ਨੂੰ ਪਛਾਣਦਾ ਹੈਂ। ਜਗ ਨੂੰ ਜਾਨਣੇ ਯੋਗ ਹੈਂ।੧੭੩।

ਸਭ ਨੂੰ ਪਾਲਣ ਵਾਲਾ ਹੈਂ। ਸਭ ਨੂੰ ਸਾਜਣ ਵਾਲਾ ਹੈਂ।
ਸਭ ਦਾ ਨਿਕਟ ਵਰਤੀ ਹੈਂ। ਸਭ ਦੇ ਨਾਸ਼ ਕਰਨ ਵਾਲਾ ਹੈਂ।੧੭੪।

੧. ਵਾ, ਧੀਰਜ। ੨. ਮਾਨ=ਮਿਣਤੀ ਭਾਵ ਪਛਾਣ ਕਰ ਸਕਣੀ, ਵਾ, ਮਨ ਵਿਚ ਮੰਨਣੇ ਵਾ ਮਾਨ ਦੇਣੇ ਜੋਗ ਹੈਂ।
੩. ਵਾ ਜਗਤ ਦੇ ਜਾਣਨੇ ਜੋਗ ਹੈਂ।


www.sikhbookclub.com

**ਕਰੁਣਾਕਰ ਹੈਂ॥ ਬਿਸ੍ਵੰਭਰ ਹੈਂ॥**
**ਸਰਬੇਸ੍ਵਰ ਹੈਂ॥ ਜਗਤੇਸ੍ਵਰ ਹੈਂ॥੧੭੫॥**

**ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥**
**ਪਰ ਤੇ ਪਰ ਹੈਂ॥ ਕਰੁਣਾਕਰ ਹੈਂ॥੧੭੬॥**

ਕ੍ਰਿਪਾ ਦੀ ਖਾਣ ਹੈਂ। ਸ੍ਰਿਸ਼ਟੀ ਦਾ ਪਾਲਕ ਹੈਂ।
ਸਭ ਦਾ ਮਾਲਕ ਹੈਂ। ਜਗਤ ਦਾ ਮਾਲਕ ਹੈਂ।੧੭੫।

ਸ੍ਰਿਸ਼ਟੀ ਦਾ ਧਾਰਨ ਕਰਨੇ ਵਾਲਾ ਹੈਂ। ਦੁਸ਼ਟਾਂ ਨੂੰ ਖੰਡਨ ਵਾਲਾ ਹੈਂ।
ਪਰੇ ਤੋਂ ਪਰੇ ਹੈਂ। ਦਯਾ ਦੀ ਖਾਣ ਹੈਂ।੧੭੬।


www.sikhbookclub.com

ਅਜਪਾ[1] ਜਪ ਹੈਂ॥ ਅਥਪਾ ਥਪ ਹੈਂ॥
ਅਕ੍ਰਿਤਾ ਕ੍ਰਿਤ ਹੈਂ॥ ਅੰਮ੍ਰਿਤਾ ਮ੍ਰਿਤ ਹੈਂ[2]॥੧੭੭॥

ਅਮ੍ਰਿਤਾ ਮ੍ਰਿਤ ਹੈਂ॥ ਕਰਣਾ ਕ੍ਰਿਤ ਹੈਂ[3]॥
ਅਕ੍ਰਿਤਾ ਕ੍ਰਿਤ ਹੈਂ[4]॥ ਧਰਣੀ ਧ੍ਰਿਤ ਹੈਂ॥੧੭੮॥

ਨਾ ਜਾਣੇ ਜਾਣ ਵਾਲੇ ਨੂੰ ਜਾਣਦਾ ਹੈਂ। ਨਾ ਥਾਪੇ ਜਾ ਸਕਣ ਵਾਲੇ ਨੂੰ ਥਾਪਦਾ ਹੈਂ।
ਨਾ ਕੀਤੇ ਜਾ ਸਕਣ ਵਾਲੇ ਨੂੰ ਕਰਦਾ ਹੈਂ। ਨਾ ਮਰਨ ਵਾਲੇ ਨੂੰ ਮਾਰ ਸਕਦਾ ਹੈਂ।੧੭੭।

ਅੰਮ੍ਰਿਤ ਦਾ ਅੰਮ੍ਰਿਤ ਹੈਂ। ਦਯਾ ਸਰੂਪ ਹੈਂ।
ਨਹੀਂ ਕੀਤਾ ਹੋਇਆ ਸਰੂਪ ਤਿਸਦਾ। ਧਰਤੀ ਦੇ ਧਾਰਨ ਵਾਲਾ ਹੈਂ।੧੭੮।

੧. ਗਜਪ=ਜਾਣਨ। ਅਜਪਾ=ਜੋ ਨਾ ਜਾਣਿਆ ਜਾਏ। (ਅ)ਅਜਪਾ ਜਾਪ ਉਹ ਹੈ
ਜੋ ਰਸਨਾ, ਬੁਲ੍ਹ ਹਿਲਾਏ ਬਿਨ ਆਪੇ ਮਨ ਵਿਚ ਹੋਵੇ। ਉਸ ਜਪ ਦੁਆਰੇ ਜੋ ਜਾਪਦਾ ਹੈ।
੨. ਵਾ, ਤਿਸਦੀ ਸੱਤਾ ਕਰਕੇ ਅੰਮ੍ਰਿਤ ਵਿਚ ਅਮਰ ਸ਼ਕਤੀ ਹੈ।
੩. ਕਰੁਣਾ+ਆਕ੍ਰਿਤ=ਦਇਆ ਦਾ ਸਰੂਪ। ੪. ਅਕ੍ਰਿਤਾ+ਆਕ੍ਰਿਤ=ਨਾ ਕੀਤਾ ਗਿਆ ਸਰੂਪ।

 www.sikhbookclub.com

ਅਮ੍ਰਿਤੇਸੂਰ[1] ਹੈਂ॥ ਪਰਮੇਸੂਰ ਹੈਂ॥
ਅਕ੍ਰਿਤਾ ਕ੍ਰਿਤ ਹੈਂ[2]॥ ਅਮ੍ਰਿਤਾ ਮ੍ਰਿਤ ਹੈਂ॥੧੭੯॥

ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਅਮ੍ਰਿਤ ਹੈ॥
ਨਰ ਨਾਇਕ ਹੈਂ॥ ਖਲ ਘਾਇਕ ਹੈਂ॥੧੮੦॥

ਅੰਮ੍ਰਿਤ ਦਾ ਮਾਲਕ ਹੈਂ। ਵੱਡਾ ਮਾਲਕ ਹੈਂ।
ਨਹੀਂ ਹੈ ਕੀਤਾ ਹੋਇਆ ਸਰੂਪ (ਜਿਸਦਾ)। ਅੰਮ੍ਰਿਤ ਦਾ ਬੀ ਅੰਮ੍ਰਿਤ ਹੈਂ।੧੭੯।

ਅਚਰਜ ਸਰੂਪ ਵਾਲਾ ਹੈਂ। ਅੰਮ੍ਰਿਤ ਦਾ ਬੀ ਅੰਮ੍ਰਿਤ ਹੈਂ।
ਨਰਾਂ ਦਾ ਮਾਲਕ ਹੈਂ। ਦੁਸ਼ਟਾਂ ਦਾ ਨਾਸ਼ਕ ਹੈਂ।੧੮੦।

੧. ਕਿਤੇ ਅਮਿਤੇਸੂਰ ਪਾਠ ਹੈ। ਭਾਵ ਮਿਣੀ ਨਹੀਂ ਜਾਂਦੀ ਵਡਿਆਈ ਜਿਸਦੀ।
੨. ਉਸਨੂੰ ਕਿਸੇ ਨਹੀਂ ਸਾਜਿਆ।

 www.sikhbookclub.com

ਬਿਸ੍ੰਭਰ ਹੈਂ॥ ਕਰੁਣਾਲਯ ਹੈਂ॥
ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ[੧]॥੧੮੧॥

ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥
ਰਿਪੁ ਤਾਪਨ ਹੈਂ॥ ਜਪੁ ਜਾਪਨ ਹੈਂ॥੧੮੨॥

ਸ੍ਰਿਸ਼ਟੀ ਦਾ ਪਾਲਕ ਹੈਂ। ਦਇਆ ਦਾ ਘਰ ਹੈਂ।
ਰਾਜਿਆਂ ਦਾ (ਬੀ) ਮਾਲਕ ਹੈਂ। ਸੱਭੇ ਹਨ ਦਾਸ ਉਸਦੇ।੧੮੧।

ਡਰ ਦਾ ਨਾਸ਼ ਕਰਨ ਵਾਲਾ ਹੈਂ। ਸ਼ੱਤ੍ਰੂਆਂ ਦਾ ਨਾਸ਼ ਕਰਤਾ ਹੈਂ।
ਵੈਰੀਆਂ ਨੂੰ ਤਪਾਉਣ ਵਾਲਾ ਹੈਂ। ਜਪ ਦੇ ਜਪਾਉਣ ਵਾਲਾ ਹੈਂ।੧੮੨।

੧. ਵਾ, ਸਭ ਦਾ ਰਖਜਕ ਹੈਂ। ਪਾ=ਰਖਜਾ।


www.sikhbookclub.com

ਅਕਲੰ ਕ੍ਰਿਤ ਹੈਂ[੧]॥ ਸਰਬਾ ਕ੍ਰਿਤ ਹੈਂ॥
ਕਰਤਾ ਕਰ ਹੈਂ[੨]॥ ਹਰਤਾ ਹਰਿ ਹੈਂ[੩]॥੧੮੩॥

ਪਰਮਾਤਮ ਹੈਂ॥ ਸਰਬਾਤਮ ਹੈਂ[੪]॥
ਆਤਮ ਬਸ ਹੈਂ[੫]॥ ਜਸ ਕੇ ਜਸ ਹੈਂ[੬]॥੧੮੪॥

ਬੁੱਧੀ ਦਾ ਰਚਨ ਹਾਰਾ ਹੈਂ। ਸਭ ਦਾ ਰਚਨ ਵਾਲਾ ਹੈਂ।
ਕਰਤਿਆਂ ਦਾ ਬੀ ਕਰਤਾ ਹੈਂ। ਮਾਰਨ ਵਾਲਿਆਂ ਦਾ ਬੀ ਮਾਰਨ ਵਾਲਾਹੈਂ।੧੮੩।

ਬ੍ਰਹਮ ਸਰੂਪ ਹੈਂ। ਸਭ ਦਾ ਆਤਮਾ ਹੈਂ।
ਆਪਦੇ ਆਪ ਦੇ ਆਪ ਵਸ ਹੈਂ। ਉਪਮਾਂ ਦੀ ਬੀ ਉਪਮਾ ਹੈਂ।੧੮੪।

੧. ਵਾ, ਕਲ੍ਹਾ ਤੋਂ ਰਹਿਤ ਹੈ ਸਰੂਪ ਜਿਸਦਾ। ੨. ਅਰਥਾਤ ਬ੍ਰਹਮਾ ਆਦਿਕ ਦਾ ਬੀ।
੩. ਭਾਵ, ਸ਼ਿਵ ਆਦਿਕਾਂ ਦਾ ਬੀ। ੪. ਭਾਵ, ਸਭ ਦਾ ਆਪਣਾ ਆਪ ਹੈਂ।
੫. ਭਾਵ, ਕਿਸੇ ਦੇ ਵਸ ਨਹੀਂ। ਸੁਤੰਤ੍ਰ। ਵਾ, ਕੇਵਲ ਆਤਮ ਸਰੂਪ ਹੈਂ।
੬. ਵਾ, ਜਿਹੋ ਜਿਹੇ ਆਪ ਹਨ ਉਹੋ ਜਿਹੇ ਆਪ ਹੀ ਹਨ। ਪ੍ਰਮਾਣ=ਹਰਿ ਜੈਸਾ ਤੈਸਾ ਉਹੀ॥ (ਸ਼ਲੋਕ ਕਬੀਰ ਜੀ)


www.sikhbookclub.com

ਭੁਜੰਗ ਪ੍ਰਯਾਤ ਛੰਦ॥

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥**
**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ[1]॥**

**ਨਮੋ ਅੰਧਕਾਰੇ[2] ਨਮੋ ਤੇਜ ਤੇਜੇ॥**
**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ[3]॥੧੯੫॥**

ਨਾਮ ਛੰਦ ਦਾ।
ਨਮਸਕਾਰ ਹੈ ਸੂਰਜਾਂ ਦੇ ਸੂਰਜ ਨੂੰ। ਨਮ: ਹੈ ਚੰਦ੍ਰਮਾਂ ਦੇ ਚੰਦ੍ਰਮਾਂ ਨੂੰ
ਨਮ: ਹੈ ਰਾਜਿਆਂ ਦੇ ਰਾਜੇ ਨੂੰ। ਨਮ: ਹੈ ਇੰਦ੍ਰਾਂ ਦੇ ਇੰਦ੍ਰ ਨੂੰ।

ਨਮ: ਹੈ ਹਨੇਰੇ ਵਿੱਚ (ਸਥਿਰ ਰੂਪ) ਨੂੰ। ਨਮ: ਹੈ ਪ੍ਰਕਾਸ਼ਾਂ ਦੇ ਪ੍ਰਕਾਸ਼ ਨੂੰ।
ਨਮ: ਹੈ ਬਹੁਤ ਤੋਂ ਬਹੁਤੇ ਨੂੰ। ਨਮ: ਹੈ ਬੀਜਾਂ ਦੇ ਬੀਜ ਨੂੰ।੧੯੫।

੧. ਪਰਤਾਪਵਾਨ। ੨. 'ਜੁਗ ਛਤੀਹ ਕੀਓ ਗੁਬਾਰਾ॥' ਉਸ ਅੰਧਕਾਰ ਵਿਚ (ਜਿਹੜਾ ਈਸ਼੍ਵਰ) ਮੌਜੂਦ ਸੀ ਤਿਸਨੂੰ ਨਮਸਕਾਰ ਹੈ। ਵਾ, ਨਮਸਕਾਰ ਹੈ ਅੰਧਕਾਰ ਰੂਪ ਨੂੰ। (ਅੰਧਕਾਰ=ਹਨੇਰਾ) ਅੰਧਕਾਰ ਇਸ ਕਰਕੇ ਕਿ ਮਾਯਾ ਦਾ ਪਸਾਰਨ ਵਾਲਾ ਆਪ ਹੀ ਹੈ।
੩. ਭਾਵ, ਥੋੜੇ ਤੋਂ ਹੈ। ਬੀਜ ਛੋਟਾ ਹੈ ਇਕ ਹੈ, ਬ੍ਰਿਛ ਟਾਹਣੀ ਪੱਤੇ ਫਲ ਫੁਲ ਨਾਲ ਬਹੁਤਾਯਤ ਵਿਚ ਹੈ ਤੇ ਵਡਾ ਹੈ। (ਅ) ਬੀਜ, ਉਤਪਤੀ ਦਾ ਕਾਰਣ ਬੀ ਹੈ, ਕਾਰਣਾਂ ਦਾ ਕਾਰਣ।


www.sikhbookclub.com

ਨਮੋ ਰਾਜਸੰ ਤਾਮਸੰ ਸਾਂਤ ਰੂਪੇ॥
ਨਮੋ ਪਰਮ ਤੱਤੰ ਅਤੱਤੰ ਸਰੂਪੇ[1]॥

ਨਮੋ ਜੋਗ ਜੋਗੇ ਨਮੋ ਗਤਾਨ ਗਤਾਨੇ॥
ਨਮੋ ਮੰਤ੍ਰ ਮੰਤ੍ਰੇ ਨਮੋ ਧਤਾਨ ਧਤਾਨੇ॥੧੮੬॥

ਨਮ: ਹੈ ਤਮ ਸਤ ਰੂਪ ਨੂੰ।
ਨਮ: ਹੈ ਪਰਮਾਤਮ ਸਰੂਪ ਤੇ ਮਾਯਾ ਸਰੂਪ ਨੂੰ।

ਨਮ: ਹੈ ਜੋਗ ਵਿਚ ਜੋਗ (ਰੂਪ) ਨੂੰ, ਨਮ: ਹੈ ਗਿਆਨ ਵਿਚ ਗਿਆਨ (ਰੂਪ)ਨੂੰ।
ਨਮ: ਹੇ ਮੰਤ੍ਰਾਂ ਵਿਚ ਮੰਤ੍ਰ (ਰੂਪ) ਨੂੰ। ਨਮ: ਹੈ ਧਿਆਨਾਂ ਵਿਚ ਧਿਆਨ ਰੂਪ ਨੂੰ।੧੮੬।

੧. ਪਰਮਤਤ੍ਵ=ਪਰਮਾਤਮਾ। ਅਤਤ੍ਵ=ਇਸਦੇ ਉਲਟ, ਮਾਯਾ ਯਾ ਪ੍ਰਕ੍ਰਿਤੀ ਯਾ ਸਰਬ ਅਨਾਤਮ।
ਅਥਵਾ-ਰਜੋ ਤਮੋ ਰੂਪੀ ਵਿਸਥਾਰ ਵਿਚ ਤੂੰ ਸਾਂਤ ਭਾਵ ਅਡੋਲ ਯਾ ਵੱਖਰਾ ਹੈਂ।
ਅਤੱਤ (=ਮਾਯਾ) ਰੂਪ ਜਗਤ ਵਿਚ ਤੂੰ ਪਰਮ ਤਤ੍ਵ (ਪਾਰਬ੍ਰਹਮ) ਸਰੂਪ ਹੈਂ।


www.sikhbookclub.com

ਨਮੋ ਜੁਧ[1] ਜੁਧੇ ਨਮੋ ਗਿਆਨ ਗਿਆਨੇ॥
ਨਮੋ ਭੋਜ[2] ਭੋਜੇ ਨਮੋ ਪਾਨ ਪਾਨੇ[3]॥

ਨਮੋ ਕਲਹ[4] ਕਰਤਾ ਨਮੋ ਸਾਂਤ ਰੂਪੇ[5]॥
ਨਮੋ ਇੰਦ੍ਰ ਇੰਦ੍ਰੇ[6] ਅਨਾਦੰ ਬਿਭੂਤੇ॥੧੮੭॥

ਨਮਸਕਾਰ ਹੈ ਜੰਗਾਂ ਵਿਚ ਜੰਗ ਰੂਪ ਨੂੰ। ਨਮ: ਹੈ ਗਿਆਨ ਵਿਚ ਗਿਆਨ ਰੂਪਨੂੰ।
ਨਮ: ਹੈ ਅਨੰਦ ਵਿਚ ਅਨੰਦ ਸਰੂਪ ਨੂੰ। ਨਮ: ਹੈ ਰਖਜਾ ਵਿਚ ਰਖਜਾ ਰੂਪ ਨੂੰ।

ਨਮ: ਹੈ ਕਲਹ ਕਰਨ ਵਾਲੇ (ਤੇ) ਸ਼ਾਂਤੀ ਸਰੂਪ ਨੂੰ।
ਨਮ: ਹੈ ਤੇਜਸ੍ਵੀਆਂ ਦੇ ਤੇਜਸੀ ਤੇ ਆਦਿ ਤੋਂ ਰਹਿਤ ਸੰਪਦਾ ਵਾਲੇ ਨੂੰ।੧੮੭।

੧. ਵਾ, ਜੁਧ ਵਿਚ ਜੋਧਾ ਰੂਪ ਹੈ। ੨. ਭੁਜ=ਭੋਗਣਾ, ਅਨੰਦ ਲੈਣਾ। ਵਾ, ਭੋਜਨ ਵਿਚ ਭੋਜਨ ਰੂਪ ਬੀ ਅਰਥ ਕਰਦੇ ਹਨ। ਭਾਵ, ਭੋਜਨ ਦੇ ਰਸ ਤੋਂ ਹੈ। ੩. ਸੰਸ:, ਪਾ=ਰਖਜਾ ਕਰਨੀ। (ਅ) ਪਾਨ ਪਾਨੇ=ਪੀਣ ਜੋਗ ਪਦਾਰਥਾਂ ਵਿਚ ਤੂੰ ਪੀਣ ਦਾ ਅਨੰਦ ਸਰੂਪ ਹੈਂ। (ੲ) ਪਾਣੀ ਵਿਚ ਪਾਣੀ ਰੂਪ ਨੂੰ। ੪. ਕਲ=ਗਿਣਤੀ ਅਰਥ ਬੀ ਹੈ। ੫. ਹਨੇਰੀ ਝੱਖੜ ਵੇਖਕੇ ਕੋਈ ਨਹੀਂ ਕਹਿ ਸਕਦਾ ਕਿ ਇਸ ਦਾ ਕਾਰਣ ਸੂਰਜ ਹੈ। ਇਸੀ ਤਰ੍ਹਾਂ ਦੇ ਕਿਸੇ ਰੰਗ ਵਿਚ ਸ਼ਾਂਤ ਰੂਪ ਸਾਈਂ ਕਲਹ ਕਰਤਾ ਬੀ ਹੈ। ੬. ਇੰਦ੍ਰਿਆਂ ਵਿਚ ਇੰਦ੍ਰੈ ਰੂਪ।

 www.sikhbookclub.com

**ਕਲੰਕਾਰ ਰੂਪੇ ਅਲੰਕਾਰ ਅਲੰਕੇ[੧]॥**
**ਨਮੋ ਆਸ ਆਸੇ[੨] ਨਮੋ ਬਾਂਕ ਬੰਕੇ[੩]॥**

**ਅਭੰਗੀ ਸਰੂਪੇ ਅਨੰਗੀ ਅਨਾਮੇ॥**
**ਤ੍ਰਿਭੰਗੀ ਤ੍ਰਿਕਾਲੇ[੪] ਅਨੰਗੀ ਅਕਾਮੇ॥੧੮੮॥**

ਸੁੰਦਰਤਾ ਦੇ ਕਰਨ ਵਾਲੇ ਹੋ ਤੇ ਭੂਸ਼ਨਾਂ ਨੂੰ ਭੂਸ਼ਨ ਰੂਪ ਹੋ।
ਨਮ: ਹੈ ਆਸ਼ਾ ਵਿਚ ਆਸ਼ਾ ਰੂਪ ਨੂੰ। ਨਮ: ਹੇ ਸੁੰਦਰ ਵਾਕਾਂ ਵਾਲੇ ਨੂੰ।

ਸਰੂਪ (ਆਪ ਦਾ) ਅਟੁਟ ਹੈ, ਦੇਹ ਰਹਿਤ ਹੈ (ਤੇ) ਨਾਮ ਰਹਿਤ ਹੈ।
ਤਿੰਨਾਂ ਕਾਲਾਂ ਵਿਚ ਤਿੰਨਾਂ ਲੋਕਾਂ ਦਾ ਨਾਸ਼ ਕਰਤਾ ਹੈਂ।
ਸ਼ਰੀਰ ਰਹਿਤ ਹੈਂ ਤੇ ਵਾਸ਼ਨਾ ਰਹਿਤ ਹੈਂ।੧੮੮।

੧. ਕਲ=ਸੁੰਦਰਤਾ। ਸ਼ਾਂਤੀ। ਅਲੰਕੇ=ਭੂਸ਼ਲ ਰੂਪ। (ਅ) ਵਾ, ਕਲੰਕਾਰ=ਕਲੰਕ ਦਾਗ ਦੇ ਲਾਉਣੇ ਵਾਲੇ ਬੀ ਹੋ ਤੇ ਭੂਸ਼ਨ ਰੂਪ ਬੀ ਹੋ। ਭਾਵ, ਮੰਦ ਕਰਮਾਂ ਤੇ ਕਲੰਕ ਲਾਂਦੇ ਹੋ, ਬੰਦਗੀ ਕਰਨ ਤੇ ਸੋਭਾ ਦੇਂਦੇ ਹੋ।
੨. ਪੰਜਾਬੀ ਆਸ। ਜੇ ਪਾਠ ਆਸਜ ਹੋਵੇ ਤਾਂ ਅਰਥ ਮੂੰਹ। (ਸੰਸਕ੍ਰਿਤ, ਆਸਜ=ਮੂੰਹ)। (ਅ) ਆਸਾ (ਧਾਰੀਆਂ ਦੇ) ਆਸਾ (ਪੂਰਕ) ਹੋ। ੩. ਬੰਕੇ=ਕਟਾਖਜਾਂ ਵਾਲੇ (ਬਾਕ=) ਵਾਕ ਹਨ ਜਿਸਦੇ। (ਅ) ਜੇ ਪਾਠ ਬਾਂਕ ਹੋਵੇ ਤਾਂ ਬਾਂਕ ਬੰਕੇ=ਬਾਂਕਿਆਂ ਦੇ ਬਾਂਕੇ ਭਾਵ ਛਬਿਧਾਰੀਆਂ ਵਿਚੋਂ ਛਬਿਧਾਰੀ। ੪. ਵਾ, ਤਿੰਨਾਂ ਕਾਲਾਂ ਦਾ।

## ਏਕ ਅਛਰੀ ਛੰਦ॥

**ਅਜੈ॥ ਅਲੈ॥**
**ਅਭੈ॥ ਅਬੈ॥੧੮੯॥**

**ਅਭੂ॥ ਅਜੂ[੧]॥**
**ਅਨਾਸ॥ ਅਕਾਸ[੨]॥੧੯੦॥**

ਨਾਮ ਛੰਦ ਦਾ।
ਨਾ ਜਿਤਿਆ ਜਾਣ ਵਾਲਾ (ਹੈ) ਨਾਸ਼ ਤੋਂ ਰਹਿਤ (ਹੈ)।
ਬੇਡਰ (ਹੈ)। ਬਿਕਾਰ ਤੋਂ ਰਹਿਤ (ਹੈ)।੧੮੯।

ਜਨਮ ਤੋਂ ਰਹਿਤ (ਹੈ)। ਅਚੱਲ (ਹੈ)। ਨਾਸ਼ ਤੋਂ ਰਹਿਤ (ਹੈ)। ਪੂਰਣ (ਬ੍ਰਹਮ ਹੈ)।੧੯੦।

੧. ਸੰਸ:, ਜੂ=ਚਾਲ। ਗਤੀ।
੨. ਅਕਾਸ਼ ਵਤ ਪਰੀ-ਪੂਰਣ? ਯਾ ਵਜਾਪਕ ਬ੍ਰਹਮ।


www.sikhbookclub.com

ਅਰੀਜ॥ ਅਭੰਜ॥
ਅਲੱਖ॥ ਅਭੱਖ[1]॥੧੯੧॥

ਅਕਾਲ॥ ਦਿਆਲ॥
ਅਲੇਖ॥ ਅਭੇਖ॥੧੯੨॥

ਨਾਸ਼ ਤੋਂ ਰਹਿਤ (ਹੈਂ)। ਅਟੁੱਟ (ਹੈਂ)।
ਸਮਝ ਤੋਂ ਪਰੇ। ਕਹਿਣ ਤੋਂ ਪਰੇ।੧੯੧।

ਕਾਲ ਤੋਂ ਰਹਿਤ। ਕ੍ਰਿਪਾਲੂ।
ਲਿਖਿਤ ਯਾ ਲੇਖੇ ਤੋਂ ਬਾਹਰ। ਰੂਪ ਯਾ ਭੇਸ ਤੋਂ ਰਹਿਤ।੧੯੨।

੧. ਜੋ ਭਾਖਿਆ ਨਾ ਜਾਏ, ਕਿਹਾ ਨਾ ਜਾ ਸਕੇ।


www.sikhbookclub.com

**ਅਨਾਮ॥ ਅਕਾਮ**
**ਅਗਾਹ[੧]॥ ਅਢਾਹ[੨]॥੧੯੩॥**

**ਅਨਾਥੇ[੩]॥ ਪ੍ਰਮਾਥੇ॥**
**ਅਜੋਨੀ॥ ਅਮੋਨੀ[੪]॥੧੯੪॥**

ਨਾਮ ਰਹਿਤ। ਕਾਮਨਾ ਰਹਿਤ।
ਅਥਾਹ। ਅਪਾਰ।੧੯੩।

ਸ੍ਵਾਮੀ ਰਹਿਤ। ਦਲਣ ਵਾਲਾ।
ਜਨ ਤੋਂ ਰਹਿਤ। ਬਾਣੀ ਦਾ ਮਾਲਕ।੧੯੪।

੧. ਜਿਸਦਾ ਡੂੰਘ ਨਾ ਲੱਭੇ। ਜੋ ਗਾਹਿਆ ਨਾ ਜਾ ਸਕੇ। ੨. ਬੇ ਕਿਨਾਰਾ। (ਢਾਹਾ=ਕਿਨਾਰਾ)।
੩. ਭਾਵ, ਉਸ ਤੋਂ ਵਾ ਕੋਈ ਨਹੀਂ। ੪. ਅ+ਮੋਨੀ=ਜੋ ਚੁਪ ਨਾਂ ਰਹੇ। ਜੋ ਵਕਤਾ ਹੋਵੇ।

**ਨ ਰਾਗੇ॥ ਨ ਰੰਗੇ॥**
**ਨ ਰੂਪੇ॥ ਨ ਰੇਖੇ॥੧੯੫॥**

**ਅਕਰਮੰ॥ ਅਭਰਮੰ**
**ਅਗੰਜੇ ਅਲੇਖੇ॥੧੯੬॥**

ਨਾ ਮੋਹ ਹੈ ਨਾ ਰੰਗ ਹੈ (ਉਸਦਾ ਕੋਈ)।
ਨਾ ਰੂਪ ਹੈ। ਨਾ ਚਿੰਨ੍ਹ ਹੈ।੧੯੫।

ਕ੍ਰਿਯਾ ਰਹਿਤ ਹੈ। ਅਵਿੱਦਜਾ ਰਹਿਤ ਹੈ।
ਅਵਿਨਾਸ਼ (ਹੈ)। ਲਿਖਣ ਯਾ ਲੇਖੇ ਤੋਂ ਬਾਹਰ ਹੈ।੧੯੬।


www.sikhbookclub.com

ਭੁਜੰਗ ਪ੍ਰਯਾਤ ਛੰਦ॥

ਨਮਸਤੁਲ ਪ੍ਰਣਾਮੇ[1] ਸਮਸਤੁਲ ਪ੍ਰਣਾਸੇ॥
ਅਗੰਜੁਲ ਅਨਾਮੇ[2] ਸਮਸਤੁਲ ਨਿਵਾਸੇ[3]॥

ਨ੍ਰਿਕਾਮੰ ਬਿਭੂਤੇ[4] ਸਮਸਤੁਲ ਸਰੂਪੇ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ[5] ॥੧੯੭॥

ਨਾਮ ਛੰਦ ਦਾ।
ਨਮ: ਹੈ ਨਮਸਕਾਰ ਯੋਗ ਨੂੰ (ਜੋ) ਸਭ ਦਾ ਸੰਘਾਰ ਕਰਨ ਵਾਲਾ ਹੈਂ।
ਨਾਸ਼ ਰਹਿਤ ਨਾਮ ਰਹਿਤ ਸਭਨਾਂ ਵਿਚ ਵਸਦਾ ਹੈਂ।

ਕਾਮਨਾ ਰਹਿਤ (ਫਿਰ ਸਭ) ਸੰਪਦਾ (ਦਾ ਮਾਲਕ) (ਤੇ) ਸਾਰੇ ਸਰੂਪਾਂ ਵਾਲਾ ਹੈਂ।
ਮੰਦ ਕਰਮਾਂ ਦਾ ਨਾਸ਼ ਕਰਤਾ (ਹੈ ਤੇ) ਚੰਗੇ ਧਰਮਾਂ ਦੀ ਵਿਭੂਤੀ (ਦੇਣ ਵਾਲਾ) ਹੈ।੧੯੭।

੧. ਪ੍ਰਣਾਮ=ਨਮਸਕਾਰ। ਜੇ ਪਾਠ ਪਰਿਣਾਮ ਹੋਵੇ ਤਾਂ ਅਰਥ ਹੋਊ, ਤਬਦੀਲ ਹੋਣ ਵਾਲੇ ਨੂੰ।
੨. ਅਨਾਮ=ਨਾਮ ਰਹਿਤ। ਅਨਾਮਯ=ਰੋਗ ਰਹਿਤ।
੩. ਸਰਬ ਵਿਆਪਕ। ੪. ਵਾ, ਜਿਸਦੀ ਸੰਪਦਾ ਨਿਸ਼ਕਾਮਤਾ ਹੈ।
੫. ਸ੍ਰੇਸ਼ਟ ਧਰਮ ਨਾਲ ਤੂੰ ਵਿਭੂਤੀਮਾਨ ਕਰਦਾ ਹੈਂ। (ਅ) ਸ੍ਰੇਸ਼ਟ ਧਰਮ ਨਾਲ ਤੂੰ ਵਿਭੂਖਣ ਕਰਦਾ ਹੈਂ।


www.sikhbookclub.com

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ[1]॥
ਕਰੀਮੁਲ[2] ਕੁਨਿੰਦਾ[3] ਸਮਸਤੁਲ ਨਿਵਾਸੀ॥

ਅਜਾਇਬ ਬਿਭੂਤੇ[4] ਗਜਾਇਬ ਗਨੀਮੇ॥
ਹਰੀਐ ਕਰੀਐ ਕਰੀਮੁਲ ਰਹੀਮੇ॥੧੯੮॥

ਸਦਾ ਸਤਿ ਚੈਤਨ ਤੇ ਅਨੰਦ ਹੈਂ (ਤੂੰ) (ਤੇ) ਵੈਰੀਆਂ ਦਾ ਨਾਸ਼ਕ ਹੈਂ।
ਦਿਆਲੂਆਂ ਦਾ ਰਚਨੇ ਵਾਲਾ ਤੇ ਸਭ ਵਿਚ ਨਿਵਾਸ ਰੱਖਣ ਵਾਲਾ।

ਅਚਰਜ (ਹੈ ਤੇਰੀ) ਵਿਭੂਤੀ ਸ਼ੱਤ੍ਰੂਆਂ ਤੇ ਗ਼ਜ਼ਬ (ਕਹਿਰ) ਕਰਨ ਵਾਲਾ ਹੈਂ।
ਲੈ ਕਰਨੇ ਵਾਲਾ, ਰਚਨੇ ਵਾਲਾ, ਕ੍ਰਿਪਾਲੂ (ਅਤੇ) ਰਹਮ ਕਰਨੇ ਵਾਲਾ (ਹੈਂ)।੧੯੮।

੧. ਸਤਿ+ਚਿਤ+ਆਨੰਦ=ਸਚ੍ਚਿਦਾਨੰਦ। ਪ੍ਰਮਾਤਮਾ ਦਾ ਸਰੂਪ ਲੱਛਣ ਇਹ ਹੈ, ਉਹ, 'ਹੈ', 'ਚੇਤਨ' ਹੈ ਤੇ 'ਆਨੰਦ' ਹੈ। ਉਹੀ ਫਿਰ ਵੈਰੀ ਨਾਸ਼ਕ ਹੈ। ਇਹ ਉਸਦਾ ਤਟਸਥ ਲੱਛਣ ਹੈ।

੨. ਅਰਬੀ, ਕਰਮ=ਬਖਸ਼ਸ਼। ਕਰੀਮ ਬਖਸ਼ਸ਼ ਕਰਨ ਵਾਲਾ।

੩. ਕੁਨਿੰਦਹ=ਕਰਨ ਵਾਲਾ, ਰਚਨ ਵਾਲਾ। ਭਾਵ, ਬਖਸ਼ਸ਼ ਕਰਨ ਵਾਲਿਆਂ ਦਾ ਰਚਨਹਾਰ ਤੂੰ ਹੈਂ।

੪. ਐਸ੍ਵਰਜ, ਸੰਪਦਾ, ਦੌਲਤ, ਰੂਹਾਨੀ ਤਾਕਤ।


www.sikhbookclub.com

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥**
**ਸੁਯੰਭਵ[1] ਸੁਭੰ ਸਰਬਦਾ ਸਰਬ ਜੁਗਤੇ[2]॥**

**ਦੁਕਾਲੰ[3] ਪ੍ਰਣਾਸੀ ਦਿਆਲੰ ਸਰੂਪੇ॥**
**ਸਦਾ ਅੰਗ ਸੰਗੇ ਅਭੰਗੀ ਬਿਭੂਤੇ॥੧੯੯॥੧॥੨੪॥**

ਚਹੁੰ ਕੁੰਟਾਂ ਵਿਚ ਵਿਆਪਕ ਤੇ ਚਾਰ ਚੱਕਾਂ ਦਾ ਭੋਗਤਾ ਹੈਂ।
ਆਪਣੇ ਆਪ ਤੋਂ ਆਪ ਪ੍ਰਗਟ ਹੈ ਤੇ ਸ਼ੋਭ ਰਿਹਾ ਹੈ ਤੇ ਸਦਾ ਸਭ ਨਾਲ ਜੁੜ ਰਿਹਾ ਹੈ।

ਦੋ ਸਮਿਆਂ ਦੇ ਨਿਵਾਰਨ ਵਾਲਾ ਹੈ, ਕ੍ਰਿਪਾਲੂ ਰੂਪ ਵਾਲਾ ਹੈ।
ਦਾ ਅੰਗ ਸੰਗ (ਨਾਲ) ਹੈ ਤੇ ਨਾਸ਼ ਤੋਂ ਰਹਿਤ ਹੈ ਵਿਭੂਤੀ ਉਸਦੀ (ਯਾ ਸਰੂਪ ਉਸਦਾ)।੧੯੯।

੧. ਸੁਤੇ ਪ੍ਰਕਾਸ਼। ੨. ਵਾ, ਸਭ ਨੂੰ ਜੋੜਿਆ ਹੈ। ਵਾ, ਯੋਗਤਾ ਵਿਚ ਰੱਖਿਆ ਹੈ।
ਗੁਣਾਂ ਦੇ ਮੇਲ ਸੁਭਾਵ ਉਨ੍ਹਾਂ ਦੇ ਫਲ ਆਦਿਕ ਰਚੇ ਹਨ।
੩. ਦੁ+ਕਾਲ=ਦੋ ਕਾਲ। ਜਨਮ ਮਰਨ ਦੇ ਦੋ ਸਮੇਂ ਭਯੰਕਰ ਹਨ।
ਕਰਤਾਰ ਹੀ ਦੁਹਾਂ ਤੋਂ ਰੱਖਜਾ ਕਰਦਾ ਹੈ। ਦੁਖਕਾਲ=ਕਾਲ ਸਮਾਂ। ਮਾੜਾ ਸਮਾਂ।


www.sikhbookclub.com